ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 18 SATURDAY, 1 MAY, 2021
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਫਾਈਜ਼ਰ ਕੰਪਨੀ ਵਲੋਂ ਹੁਣ ਕੋਵਿਡ-19 ਦੇ ਇਲਾਜ ਲਈ ਗੋਲੀ ਦੀ ਪਰਖ

ਵਾਸ਼ਿੰਗਟਨ-ਫਾਈਜ਼ਰ ਕੰਪਨੀ ਹੁਣ ਖਾਣ ਵਾਲੀ ਗੋਲੀ ਦੀ ਪਰਖ ਕਰ ਰਹੀ ਹੈ ਅਤੇ ਜੇਕਰ ਇਹ ਤਜਰਬਾ ਸਫਲ ਹੋਇਆ ਤਾਂ




ਕੋਵਿਡ-19 ਦਾ ਘਰ ਬੈਠ ਕੇ ਵੀ ਇਲਾਜ ਕੀਤਾ ਜਾ ਸਕਦਾ ਹੈ। ਪ੍ਰੋਟੀਜ ਇਨਹਿਬਟਰ ਵਜੋਂ ਦਰਸਾਈ ਗਈ ਗੋਲੀ ਸਾਰਸ-ਕੋਵ-2 ਵਾਇਰਸ ਦੀ ਕੰਗਰੋੜ 'ਤੇ ਹਮਲਾ ਕਰਨ ਅਤੇ ਇਸ ਨੂੰ ਸਾਡੇ ਨੱਕ, ਗਲੇ ਅਤੇ ਫੇਫੜਿਆਂ ਵਿਚ ਰੈਪਲੀਕੇਟ ਰੋਕਣ ਲਈ ਤਿਆਰ ਕੀਤੀ ਗਈ ਹੈ। ਫਾਈਜ਼ਰ ਦੀਆਂ ਦੋ ਗੁੰਮਨਾਮ ਇਮਾਰਤਾਂ ਇਨ੍ਹਾਂ ਵਿਚੋਂ ਇਕ ਅਮਰੀਕਾ ਤੇ ਦੂਸਰੀ ਬੈਲਜੀਅਮ *(ਬਾਕੀ ਸਫ਼ਾ 10 'ਤੇ)*

## ਓਨਟਾਰੀਓ ਵਲੋਂ ਬਿਮਾਰੀ ਦੀ ਕਮਾਈ ਛੁੱਟੀ ਵਾਲੇ ਪ੍ਰੋਗਰਾਮ ਦਾ ਐਲਾਨ

ਟੋਰਾਂਟੋ-ਓਨਟਾਰੀਓ ਦੀ ਪ੍ਰੋਗਰੈਸਿਵ ਕੰਸਰਵੇਟਿਵ ਸਰਕਾਰ ਨੇ ਦਬਾਅ ਹੇਠ ਐਲਾਨ ਕੀਤਾ ਕਿ ਉਹ ਜ਼ਰੂਰੀ ਕੰਮ ਵਾਲੀਆਂ ਥਾਵਾਂ ਵਿਚ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿਚ ਮਦਦ ਲਈ ਆਪਣਾ ਬਿਮਾਰੀ ਦੀ ਕਮਾਈ ਛੁੱਟੀ ਵਾਲਾ ਪ੍ਰੋਗਰਾਮ ਸ਼ੁਰੂ ਕਰੇਗੀ। ਲੇਬਰ, ਸਿਖਲਾਈ ਅਤੇ ਹੁਨਰ ਵਿਕਾਸ ਬਾਰੇ ਮੰਤਰੀ ਮੋਂਟ ਮੈਕਨੌਂਘਟਨ ਅਤੇ ਵਿੱਤ ਮੰਤਰੀ ਪੀਟਰ ਬੈਥਲੇਨਫਾਲਵੀ ਨੇ ਪ੍ਰੋਗਰਾਮ ਦਾ ਐਲਾਨ ਕਰਦਿਆਂ ਇਸ ਨੂੰ ਓਨਟਾਰੀਓ ਕੋਵਿਡ-19 ਵਰਕਰ ਆਮਦਨ ਸੁਰੱਖਿਆ ਲਾਭ ਵਜੋਂ ਆਖਿਆ ਹੈ। ਜੇਕਰ ਇਹ ਪਾਸ ਹੋ ਗਿਆ ਤਾਂ ਇਸ ਕਾਨੂੰਨ ਮੁਤਾਬਿਕ ਜੇਕਰ ਕਾਮੇ ਬਿਮਾਰ ਮਹਿਸੂਸ ਕਰਦੇ ਹਾਂ ਜਾਂ ਟੀਕਾਕਰਣ ਦੀ ਲੋੜ ਹੈ ਤਾਂ ਮਾਲਕ ਵਰਕਰਾਂ ਨੂੰ ਤਿੰਨ *(ਬਾਕੀ ਸਫ਼ਾ 10 'ਤੇ)*

# ਬੀ.ਸੀ. ਲੋਅਰ ਮੇਨਲੈਂਡ 'ਚ 35 ਹੋਰ ਕਾਰੋਬਾਰ ਆਰਜ਼ੀ ਤੌਰ 'ਤੇ ਬੰਦ



ਵੈਨਕੂਵਰ-ਜਿਮ, ਫਾਸਟ ਫੂਡ ਰੈਸਟੋਰੈਂਟ ਅਤੇ ਕਾਰ ਡੀਲਰਸ਼ਿਪ ਸਮੇਤ ਕੰਮ ਵਾਲੀਆਂ ਥਾਵਾਂ ਵਿਚ ਕੋਵਿਡ-19 ਦਾ ਟਰਾਂਸਮਿਸ਼ਨ ਹੋਣ ਦੀ ਸੰਭਾਵਨਾ ਕਾਰਨ ਬੀਸੀ ਲੋਅਰ ਮੇਨਲੈਂਡ ਵਿਚ ਦਰਜਨਾਂ ਹੋਰ ਕਾਰੋਬਾਰ ਆਰਜ਼ੀ ਤੌਰ 'ਤੇ ਬੰਦ ਕੀਤੇ ਜਾਣ ਲਈ ਮਜ਼ਬੂਰ ਹਨ। ਫਰੇਜ਼ਰ ਹੈਲਥ ਅਤੇ ਵੈਨਕੂਵਰ ਕੌਂਸਟਲ ਹੈਲਥ ਵੈੱਬਸਾਈਟ 'ਤੇ ਵਰਕਪਲੇਸ ਬੰਦ ਹੋਣ ਦੀ ਤਾਜ਼ਾ ਸੂਚੀ ਮੁਤਾਬਿਕ 20 ਅਪ੍ਰੈਲ ਤੋਂ 35 ਦੇ ਲਗਪਗ ਕਾਰੋਬਾਰ ਬੰਦ ਹੋ ਚੁੱਕੇ ਹਨ। ਦੋ ਗਹਿਣਿਆਂ ਦੀਆਂ ਦੁਕਾਨਾਂ, ਦੋ ਹੇਅਰ ਸੈਲੂਨਸ, ਇਕ ਐਸਪੀਏ ਅਤੇ ਇਕ ਉਸਾਰੀ ਕਾਰੋਬਾਰ ਹਾਲ ਹੀ ਵਿਚ ਬੰਦ ਹੋਏ ਕਾਰੋਬਾਰਾਂ ਵਿਚ ਸ਼ਾਮਿਲ ਹਨ। ਅਪ੍ਰੈਲ ਦੇ ਸ਼ੁਰੂ ਵਿਚ 50 ਹੋਰ ਬੰਦ ਹੋ ਗਏ ਸਨ। ਬਹੁਤੇ ਕਾਰੋਬਾਰ 12 ਅਪ੍ਰੈਲ ਤੋਂ ਬੰਦ ਹੋਏ ਹਨ ਜਦੋਂ ਤਿੰਨ ਜਾਂ ਜ਼ਿਆਦਾ ਮੁਲਾਜ਼ਮਾਂ ਦਾ ਟੈਸਟ ਪਾਜੇਟਿਵ ਆਉਣ ਪਿੱਛੋਂ ਬੀਸੀ ਨੇ ਵਰਕਸੇਫਬੀਸੀ ਪ੍ਰੀਵੈਂਸ਼ਨ ਅਫਸਰਾਂ ਨੂੰ ਕਾਰੋਬਾਰ ਬੰਦ ਕਰਨ ਦਾ ਹੁਕਮ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਹੈ। ਵਰਕਸੇਫਬੀਸੀ ਅਫਸਰ ਕੇਵਲ ਲੋਕਲ ਮੈਡੀਕਲ ਹੈਲਥ ਅਫਸਰ ਦੀ ਹਦਾਇਤ 'ਤੇ ਅਜਿਹਾ ਕਰ ਸਕਦੇ ਹਨ। ਫਰੇਜ਼ਰ ਹੈਲਥ ਕਲੋਜ਼ਰ ਵੈੱਬਸਾਈਟ ਕਹਿੰਦੀ ਹੈ ਕਿ ਇਨ੍ਹਾਂ ਕੰਮ ਵਾਲੀਆਂ ਥਾਵਾਂ ਨੂੰ ਬੰਦ ਕਰਕੇ ਅਸੀਂ ਹੋਰ ਕਾਮਿਆਂ ਨੂੰ ਪ੍ਰਭਾਵਤ ਹੋਣ ਅਤੇ ਕੋਵਿਡ-19 ਬਿਮਾਰੀ ਆਪਣੇ ਪਰਿਵਾਰ ਤੇ ਆਪਣੇ ਭਾਈਚਾਰੇ ਤਕ ਲਿਜਾਣ ਨੂੰ ਰੋਕ ਸਕਦੇ ਹਾਂ। ਪਿਛਲੇ 10 ਦਿਨਾਂ ਵਿਚ ਬਹੁਤੇ ਕਾਰੋਬਾਰ ਬੰਦ ਕੀਤੇ ਗਏ ਹਨ ਪਰ ਜੇਕਰ ਹੈਲਥ ਅਧਿਕਾਰੀ ਜ਼ਰੂਰੀ ਸਮਝਣ ਤਾਂ ਇਸ ਦਾ ਵਿਸਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਮੁੜ ਖੋਲ੍ਹਣ ਦੀ ਇਜਾਜ਼ਤ ਦੇਣ ਪਿੱਛੋਂ ਹੈਲਥ ਅਥਾਰਟੀਜ਼ ਦੀ ਵੈੱਬਸਾਈਟ ਤੋਂ ਕਾਰੋਬਾਰਾਂ ਦੇ ਨਾਂਅ ਹਟਾ ਦਿੱਤੇ ਸਨ।

Punjabi Link Radio
ਰੇਡੀਓ ਹੁਣ ਤੁਹਾਡੇ ਫੋਨ ਵਿੱਚ
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12.00pm to 2:00pm
B.C. Time Mon to Sat
Amarjit Singh Sidhu
Office: 778-564-5642
Toll Free: 1-844-884-8840
www.punjabilinkradio.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY
AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
PIER
iccrc crcic
ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਊ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

**"Simpson, Thomas & Associates are a legal dream team. No other law firm could have fought this claim as it takes a lot of resources to fight a case of this nature."**
**– Former client commenting on the Jago wedding tragedy**

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB ACCREDITED BUSINESS

**"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."**
**– B.Sekhon**

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 18 SATURDAY, 1 MAY, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਭਾਰਤ 'ਚ ਕੋਰੋਨਾ ਮਹਾਂਮਾਰੀ ਦਾ ਕਹਿਰ

# ਸਰਗਰਮ ਕੇਸਾਂ ਦਾ ਅੰਕੜਾ 30 ਲੱਖ ਤੋਂ ਪਾਰ

## ਮੌਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ-ਆਕਸੀਜਨ ਦੀ ਘਾਟ ਕਾਰਨ ਹਾਹਾਕਾਰ

ਨਵੀਂ ਦਿੱਲੀ-ਭਾਰਤ ਵਿਚ ਕਰੋਨਾ ਮਹਾਂਮਾਰੀ ਦੀ ਦੂਸਰੀ ਲਹਿਰ ਦੇ ਚਲਦਿਆਂ ਕਰੋਨਾ ਦਾ ਕਹਿਰ ਜਾਰੀ ਹੈ। ਮੁਲਕ ਵਿਚ ਸਰਗਰਮ ਕੇਸਾਂ ਦੀ ਗਿਣਤੀ 30 ਲੱਖ ਦੇ ਅੰਕੜੇ ਨੂੰ ਟੱਪੀ ਗਈ ਹੈ। ਬੀਤੇ ਦਿਨ ਕਰੋਨਾਵਾਇਰਸ ਦੀ ਲਾਗ ਦੇ ਰਿਕਾਰਡ 3,79,257 ਨਵੇਂ ਕੇਸ ਸਾਹਮਣੇ ਆਏ, ਜਿਸ ਤੋਂ ਬਾਅਦ ਵਾਇਰਸ ਪੀੜਤਾਂ ਦੀ ਗਿਣਤੀ 1,83,76,524 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਕਰੋਨਾ ਕਾਰਨ ਰਿਕਾਰਡ 3,645 ਲੋਕਾਂ ਦੀ ਮੌਤ ਤੋਂ ਬਾਅਦ ਇਸ ਮਾਰੂ ਬਿਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ 2,04,832 ਹੋ ਗਈ ਹੈ। ਸਰਗਰਮ ਕੇਸਾਂ ਦੀ ਗਿਣਤੀ 30 ਲੱਖ ਦੇ ਅੰਕੜੇ ਨੂੰ ਟੱਪ ਕੇ 30,84,814 ਹੋ ਗਈ ਹੈ, ਜੋ ਕੁਲ ਕੇਸ ਲੋਡ ਦਾ 16.79 ਫੀਸਦ ਬਣਦਾ ਹੈ। ਇਸ ਦੌਰਾਨ ਸਿਹਤ ਮੰਤਰਾਲੇ ਨੇ ਹਲਕੇ/ਬਿਨਾਂ ਲੱਛਣ ਵਾਲੇ ਕੋਵਿਡ-19 ਕੇਸਾਂ ਨੂੰ ਘਰ ਵਿੱਚ ਹੀ ਇਕਾਂਤਵਾਸ ਕੀਤੇ ਜਾਣ ਸਬੰਧੀ 'ਸੋਧੇ ਹੋਏ ਦਿਸ਼ਾ ਨਿਰਦੇਸ਼' ਜਾਰੀ ਕਰ ਦਿੱਤੇ ਹਨ। ਸੋਧਾਂ ਵਿੱਚ ਡਾਕਟਰ ਦੀ ਸਲਾਹ ਬਗੈਰ ਰੈਮਡੇਸਿਵਿਰ ਟੀਕੇ ਨੂੰ ਪ੍ਰਾਪਤ ਕਰਨ ਜਾਂ ਘਰ ਵਿੱਚ ਹੀ (ਖ਼ੁਦ) ਲਾਉਣ ਦੀ ਕੋਸ਼ਿਸ਼ ਨਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਮੰਤਰਾਲੇ ਨੇ ਕਿਹਾ ਕਿ ਐਂਟੀ ਵਾਇਰਲ ਟੀਕੇ ਨੂੰ ਸਿਰਫ਼ ਤੇ ਸਿਰਫ਼ ਹਸਪਤਾਲ ਵਿੱਚ ਡਾਕਟਰਾਂ ਦੀ ਨਿਗਰਾਨੀ 'ਚ ਹੀ ਲਵਾਇਆ ਜਾਵੇ। ਪਿਛਲੇ ਇਕ ਹਫ਼ਤੇ ਤੋਂ ਰੋਜ਼ਾਨਾ ਤਿੰਨ ਲੱਖ ਤੋਂ ਵਧ ਨਵੇਂ ਕੇਸ ਰਿਪੋਰਟ ਹੋਏ ਹਨ



ਜਦੋਂਕਿ ਲਾਗ ਕਰਕੇ ਹੋਣ ਵਾਲੀਆਂ ਮੌਤਾਂ ਦਾ ਗ੍ਰਾਫ਼ ਵੀ ਤੇਜ਼ੀ ਨਾਲ ਉਪਰ ਨੂੰ ਗਿਆ ਹੈ। ਕੋਵਿਡ-19 ਦੀ ਰਿਕਵਰੀ ਦਰ ਘਟ ਕੇ 82.10 ਫੀਸਦ ਰਹਿ ਗਈ ਹੈ। ਹੁਣ ਤੱਕ 1,50,86,878 ਵਿਅਕਤੀ ਕਰੋਨਾ ਦੀ ਲਾਗ ਨੂੰ ਭਾਂਜ ਦੇ ਕੇ ਸਿਹਤਯਾਬ ਹੋਣ ਵਿੱਚ ਸਫ਼ਲ ਰਹੇ ਹਨ। ਕਰੋਨਾ ਕਰਕੇ ਹੋਣ ਵਾਲੀਆਂ ਮੌਤਾਂ ਦੀ ਦਰ 1.11 ਫੀਸਦ ਹੈ। ਪਿਛਲੇ 24 ਘੰਟਿਆਂ ਦੌਰਾਨ ਹੋਈਆਂ 3645 ਮੌਤਾਂ 'ਚੋਂ ਮਹਾਰਾਸ਼ਟਰ 'ਚ 1035, ਦਿੱਲੀ 'ਚ 368, ਛੱਤੀਸਗੜ੍ਹ 279, ਉੱਤਰ ਪ੍ਰਦੇਸ਼ 265, ਕਰਨਾਟਕ 229, ਗੁਜਰਾਤ 174, ਝਾਰਖੰਡ 149, ਪੰਜਾਬ 142, ਰਾਜਸਥਾਨ 120, ਉੱਤਰਾਖੰਡ 108 ਤੇ ਮੱਧ ਪ੍ਰਦੇਸ਼ 'ਚ 105 ਵਿਅਕਤੀ ਦਮ ਤੋੜ ਗਏ। ਆਈਸੀਐੱਮਆਰ ਨੇ 28 ਅਪਰੈਲ ਤੱਕ 28,44,71,979 ਨਮੂਨਿਆਂ ਦੀ ਜਾਂਚ ਕਰਨ ਦਾ ਦਾਅਵਾ ਕੀਤਾ ਹੈ। ਸਿਹਤ ਮੰਤਰਾਲੇ ਨੇ ਜਾਰੀ ਕੀਤੀਆਂ ਸੋਧਾਂ ਵਿੱਚ ਕਿਹਾ ਕਿ ਹਲਕੇ ਜਾਂ ਬਿਨਾਂ ਲੱਛਣ ਵਾਲੇ ਕੇਸਾਂ ਵਿੱਚ ਓਰਲ ਸਟੀਰੌਇਡਜ਼ ਲੈਣ ਦੀ ਵੀ ਲੋੜ ਨਹੀਂ ਹੈ ਅਤੇ ਜੇਕਰ ਲੱਛਣ (ਲਗਾਤਾਰ ਬੁਖਾਰ ਤੇ ਖੰਘ ਰੁਕਣ ਦਾ ਨਾਮ ਨਾ ਲਏ) ਸੱਤ ਦਿਨ ਤੋਂ ਵੱਧ ਸਮਾਂ ਰਹਿੰਦੇ ਹਨ, ਤਾਂ ਸਬੰਧਤ ਡਾਕਟਰ ਦੇ ਸਲਾਹ ਮਸ਼ਵਰੇ ਨਾਲ ਮੂੰਹ ਰਾਹੀਂ ਸਟੀਰੌਇਡਜ਼ ਦੀ ਹਲਕੀ ਖ਼ੁਰਾਕ ਲਈ ਜਾ ਸਕਦੀ ਹੈ। 60 ਸਾਲ ਤੋਂ ਵੱਧ ਉਮਰਦਰਾਜ਼ ਮਰੀਜ਼ ਅਤੇ ਅਜਿਹੇ ਲੋਕ ਜੋ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੇ ਮਰਜ਼, ਦਮੇ, ਲੀਵਰ ਜਾਂ ਗੁਰਦਾ ਰੋਗ ਆਦਿ ਤੋਂ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਦੋ ਮਾਈਕਲਾਂ ਦੀ ਗ੍ਰਿਫ਼ਤਾਰੀ ਪਿੱਛੋਂ ਕੈਨੇਡੀਅਨ ਸਰਕਾਰ ਨੇ ਚੀਨੀ ਕੰਟਰੈਕਟਸ 'ਤੇ ਲਗਪਗ 6 ਮਿਲੀਅਨ ਡਾਲਰ ਖਰਚੇ

ਵੈਨਕੂਵਰ-ਲਗਪਗ ਢਾਈ ਸਾਲਾਂ ਤੋਂ ਜਦੋਂ ਤੋਂ ਦੋ ਮਾਈਕਲ ਚੀਨ ਦੀ ਜੇਲ੍ਹ ਵਿਚ ਬੰਦ ਹਨ ਉਸ ਸਮੇਂ ਤੋਂ ਲਿਬਰਲ ਸਰਕਾਰ ਨੇ ਚੀਨੀ ਕੰਪਨੀਆਂ ਨੂੰ ਲਗਪਗ 6 ਮਿਲੀਅਨ ਡਾਲਰ ਮੁੱਲ ਦੇ ਕਾਰੋਬਾਰੀ ਠੇਕੇ ਦਿੱਤੇ ਹਨ। ਨਿਊ ਬਰੁੰਸਵਿਕ ਕੰਸਰਵੇਟਿਵ ਐਮ ਪੀ ਜੌਹਨ ਵਿਲੀਅਨ ਜਿਸ ਨੇ ਜਾਣਕਾਰੀ ਮੰਗੀ ਨੇ ਕਿਹਾ ਕਿ ਵਿਸ਼ੇਸ਼ ਰੂਪ ਵਿਚ ਕੈਨੇਡੀਅਨਾਂ ਨੂੰ ਬੰਧਕ ਬਣਾਉਣ ਕਾਰਨ ਪੀਪਲਜ਼ ਰਿਪਬਲਿਕ ਆਫ ਚਾਈਨਾ ਪ੍ਰਤੀ ਲਿਬਰਲ ਸਰਕਾਰ ਦੀ ਕਾਰੋਬਾਰ ਬਾਰੇ ਪਹੁੰਚ ਆਮ ਵਾਂਗ ਰੱਖਣ ਦੀ ਗੱਲ ਖਤਮ ਹੋਣੀ ਚਾਹੀਦੀ ਹੈ। ਮਾਰਚ ਵਿਚ ਵਿਲੀਅਮਸਨ ਵਲੋਂ ਕੀਤੀ ਗਈ ਜਾਂਚ ਦੀਆਂ ਰਿਪੋਰਟਾਂ ਅਤੇ ਓਟਵਾ ਦੇ ਆਨਲਾਈਨ ਨਿਊਜ਼ ਆਊਟਲੈਟ ਬਲੈਕਲੌਕਸ ਰਿਪੋਰਟਰ ਦੀ ਪਹਿਲੀ ਰਿਪੋਰਟ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਫੈਡਰਲ ਸਰਕਾਰ ਤੇ ਏਜੰਸੀਆਂ ਨੇ 2019 ਅਤੇ 2020 ਵਿਚਕਾਰ ਚੀਨ ਵਿਚਲੀਆਂ ਕੰਪਨੀਆਂ ਜਾਂ ਚੀਨ ਆਧਾਰਤ ਕੰਪਨੀਆਂ ਨੂੰ 5.8 ਮਿਲੀਅਨ ਡਾਲਰ ਦੇ ਠੇਕੇ ਦਿੱਤੇ ਹਨ। ਇਹ ਖੁਲਾਸਾ ਦੋ ਕੈਨੇਡੀਅਨਾਂ ਮਾਈਕਲ ਕੋਵਰਿਗ ਅਤੇ ਮਾਈਕਲ ਸਪੈਵਰ ਜਿਨ੍ਹਾਂ ਨੂੰ ਦਸੰਬਰ 2018 ਤੋਂ ਚੀਨ ਵਿਚ ਨਜ਼ਰਬੰਦ ਕੀਤਾ ਹੋਇਆ ਹੈ ਦੇ ਮੁਕੱਦਮਿਆਂ ਦੀ ਸੁਣਵਾਈ ਦੇ ਨਾਲ ਹੋਇਆ ਹੈ। ਸਾਬਕਾ ਕੂਟਨੀਤਕ ਕੋਵਰਿਗ ਅਤੇ ਕਾਰੋਬਾਰੀ ਸਪੈਵਰ ਦੇ ਮੁਕੱਦਮੇ ਦੀ ਸੁਣਵਾਈ ਮਾਰਚ ਦੇ ਅਖੀਰ ਵਿਚ ਬੀਜਿੰਗ ਵਿਚ ਸ਼ੁਰੂ ਹੋਈ ਸੀ। ਮੁਕੱਦਮੇ ਦੁਨੀਆਂ ਦੀਆਂ ਨਜ਼ਰਾਂ ਤੋਂ ਦੂਰ ਗੁਪਤ ਤਰੀਕੇ ਨਾਲ ਚਲਾਏ ਜਾ ਰਹੇ ਹਨ। ਕੋਈ ਫ਼ੈਸਲਾ ਰਿਲੀਜ਼ ਨਹੀਂ ਕੀਤਾ ਗਿਆ ਅਤੇ ਸਜ਼ਾ ਦਾ ਐਲਾਨ ਭਵਿੱਖ ਵਿਚ ਕਿਸੇ ਤਾਰੀਕ ਨੂੰ ਕੀਤੇ ਜਾਣ ਦੀ ਆਸ ਹੈ। ਚੀਨੀ ਟੈਲੀਕਾਮ ਕੰਪਨੀ ਹੁਆਵੇਈ ਦੀ ਮੁੱਖ ਵਿੱਤੀ ਅਫਸਰ ਮੇਂਗ ਵੈਂਗਜ਼ੂ ਜਿਹੜੀ ਅਮਰੀਕਾ ਨੂੰ ਹਵਾਲਗੀ ਦਾ ਸਾਹਮਣਾ ਕਰ ਰਹੀ ਹੈ ਨੂੰ ਕੈਨੇਡਾ ਵਿਚ ਹਿਰਾਸਤ ਵਿਚ ਰੱਖਣ ਬਦਲੇ ਚੀਨ ਵਲੋਂ ਦੋਵਾਂ ਮਾਈਕਲਾਂ ਨੂੰ ਨਜ਼ਰਬੰਦ ਰੱਖੇ ਜਾਣ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਚੀਨੀ ਜੇਲ੍ਹਾਂ ਵਿਚ 100 ਤੋਂ ਵੀ ਵੱਧ ਕੈਨੇਡੀਅਨ ਨਾਗਰਿਕ ਬੰਦ ਹਨ ਜਿਨ੍ਹਾਂ ਵਿਚੋਂ ਚਾਰ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ। ਵਿਲੀਅਮਸਨ ਨੇ ਕਿਹਾ ਕਿ ਜਨਤਾ ਦਾ ਰਵੱਈਆ ਕਮਿਊਨਿਸਟ ਚੀਨ ਪ੍ਰਤੀ ਨਿਸ਼ਚਤ ਰੂਪ ਵਿਚ ਸਖਤ ਹੋ ਰਿਹਾ ਹੈ। ਕੈਨੇਡੀਅਨ ਜਨਤਾ ਚੀਨ ਵਲੋਂ ਦੂਸਰੇ ਦੇਸ਼ਾਂ ਨੂੰ ਮਾਤਹਿਤ ਦੇਸ਼ ਵਜੋਂ ਦੇਖਣ ਦੇ ਵਿਚਾਰਾਂ ਨੂੰ ਸਮਝਦੀ ਹੈ। ਕੈਨੇਡੀਅਨ ਜਨਤਾ ਤਾਂ ਇਹ ਗੱਲ ਸਮਝਦੀ ਹੈ ਜਦਕਿ ਸਾਡੀ ਫੈਡਰਲ ਲੀਡਰਸ਼ਿਪ ਜਿਸ ਵਿਚ ਰਾਜਸੀ ਲੋਕ ਤੇ ਨੌਕਰਸ਼ਾਹ ਸ਼ਾਮਿਲ ਹਨ ਲਗਾਤਾਰ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਜਾਂ ਇਹ ਸਮਝਦੇ ਹਨ ਕਿ ਇਹ ਕੋਈ ਮਾਮਲਾ ਹੈ ਹੀ ਨਹੀਂ। ਵਿਲੀਅਮਸਨ ਦੀ ਇਨਕੁਆਰੀ ਦੇ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਮੁੱਠੀ ਭਰ ਸਰਕਾਰੀ ਵਿਭਾਗ , ਕਰਾਊਨ ਕਾਰਪੋਰੇਸ਼ਨਾਂ ਜਾਂ ਏਜੰਸੀਆਂ ਚੀਨੀ ਠੇਕਿਆਂ 'ਤੇ 'ਤੇ ਬਹੁਤਾ ਪੈਸਾ ਖਰਚਣ ਲਈ ਜ਼ਿੰਮੇਵਾਰ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਛੋਟੇ ਹਨ। ਸਰਕਾਰ ਦੇ ਦਸਤਾਵੇਜ਼ਾਂ ਮੁਤਾਬਿਕ ਨੈਸ਼ਨਲ ਡਿਫੈਂਸ ਦਾ ਸਿਰਫ 305.65 ਡਾਲਰ ਦਾ ਠੇਕਾ ਹੈ ਜਿਸ ਵਿਚ ਕੇਬਲ ਤੇ ਰਸਾਇਣ ਸਪਲਾਈ ਕੀਤੇ ਜਾਣੇ ਹਨ।


BUSY BOYS ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation




C: 604.837.3101
O: 778.590.5906

#111-8132 130th St., Surrey BC
busyboyslectrical@gmail.com
www.busyboyselectrical.com

ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ


## 9 ਸਾਲਾ ਵਿਦਿਆਰਥਣ 'ਤੇ ਜਿਣਸੀ ਹਮਲਾ ਕਰਨ ਵਾਲੇ ਆਰਟ ਅਧਿਆਪਕ 'ਤੇ ਦੋਸ਼ ਆਇਦ

ਵੈਨਕੂਵਰ-ਪੁਲਿਸ 50 ਸਾਲਾ ਵੈਨਕੂਵਰ ਦੇ ਆਰਟ (ਕਲਾ) ਅਧਿਆਪਕ ਬਾਰੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਜਿਸ 'ਤੇ 9 ਸਾਲਾ ਲੜਕੀ 'ਤੇ ਜਿਣਸੀ ਹਮਲਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ 22 ਮਾਰਚ ਨੂੰ ਆਰਟ ਵਿਦਿਆਰਥੀ 'ਤੇ ਈਸਟ 64ਵੀਂ ਐਵੀਨਿਊ ਅਤੇ ਪ੍ਰਿੰਸ ਐਡਵਰਡ ਸਟਰੀਟ ਨੇੜੇ ਇਕ ਘਰ ਵਿਚ ਹਮਲਾ ਕੀਤਾ ਗਿਆ। ਸ਼ਾਓ ਜ਼ਾਈ ਚੇਨ ਜਿਹੜਾ ਆਪਣੇ ਘਰ ਦੇ ਬਾਹਰ ਆਰਟ ਕਲਾਸਾਂ ਲਾਉਂਦਾ ਹੈ ਜਿਣਸੀ ਹਮਲਾ ਕਰਨ, ਜਿਣਸੀ ਦਖਲਅੰਦਾਜ਼ੀ ਅਤੇ ਜਿਸਮਾਨੀ ਛੋਹਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਵੀਪੀਡੀ ਦੀ ਬੁਲਾਰਨ ਕੰਸਟੇਬਨ ਤਾਨੀਆ ਵਿਸਿਨਨਿ ਨੇ ਕਿਹਾ ਕਿ ਇਹ ਬੜੀ ਪ੍ਰੇਸ਼ਾਨ ਕਰਨ ਵਾਲੀ ਘਟਨਾ ਹੈ ਜਿਥੇ ਇਕ ਬੱਚੇ ਨੂੰ ਇਕ ਬਾਲਗ ਦੀ ਦੇਖਭਾਲ ਤਹਿਤ ਛੱਡਿਆ ਗਿਆ ਅਤੇ ਬਾਲਗ ਨੇ ਕਥਿਤ ਰੂਪ ਵਿਚ ਉਸ ਦਾ ਲਾਭ ਲਿਆ। ਵਿਸਿਨਟਿਨ ਨੇ ਕਿਹਾ ਕਿ ਪੁਲਿਸ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਕਿਉਂਕਿ ਜਾਂਚ ਅਧਿਕਾਰੀ ਇਸ ਗੱਲ ਤੋਂ ਚਿੰਤਤ ਹਨ ਕਿ ਉਸ ਦੇ ਹੋਰ ਵੀ ਪੀੜਤ ਹੋ ਸਕਦੇ ਹਨ। ਜਾਂਚ ਅਧਿਕਾਰੀ ਚਿੰਤਤ ਹਨ ਕਿ ਹੋਰ ਬੱਚੇ ਵੀ ਸਕਦੇ ਹਨ ਜਿਹੜੇ ਚੇਨ ਦੀ ਰਿਹਾਇਸ਼ 'ਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਇਸ ਬਾਰੇ ਹੋਰ ਜਾਣਕਾਰੀ ਜਾਂ ਇਸ ਜਾਂਚ ਵਿਚ ਸਹਾਇਤਾ ਮਿਲ ਸਕਦੀ ਹੈ।

## ਗਰਮੀਆਂ ਵਿਚ ਕੁਝ ਡੈਲਟਾ ਪਾਰਕਾਂ 'ਚ ਅਲਕੋਹਲ ਪੀਣ ਦੀ ਦਿੱਤੀ ਜਾਵੇਗੀ ਇਜਾਜ਼ਤ

ਸਰੀ-ਇਨ੍ਹਾਂ ਗਰਮੀਆਂ ਵਿਚ ਡੈਲਟਾ ਵਾਸੀ ਸ਼ਹਿਰ ਦੀਆਂ ਕੁਝ ਪਾਰਕਾਂ ਵਿਚ ਕਾਨੂੰਨੀ ਤੌਰ 'ਤੇ ਬੀਅਰ ਪੀਣ ਦਾ ਅਨੰਦ ਮਾਣ ਸਕਣਗੇ। ਕੌਂਸਲ ਨੇ ਪਾਇਲਟ ਪ੍ਰਾਜੈਕਟ ਦੇ ਹਿੱਸੇ ਵਜੋਂ ਸੋਮਵਾਰ ਇਕ ਜੂਨ ਤੋਂ 30 ਸਤੰਬਰ ਨੌਰਥ ਡੈਲਟਾ ਕਮਿਊਨਿਟੀ ਪਾਰਕ, ਮੈਮੋਰੀਅਲ ਪਾਰਕ ਤੇ ਡਿਫੀਨਬੇਕਰ ਪਾਰਕ ਦੇ ਮਨੋਨੀਤ ਇਲਾਕਿਆਂ ਵਿਚ ਅਲਕੋਹਲ ਪੀਣ ਦੀ ਇਜਾਜ਼ਤ ਦੇਣ ਲਈ ਨਵੇਂ ਬਾਈਲਾਅ ਲਈ ਪਹਿਲੀ, ਦੂਸਰੀ ਤੇ ਤੀਸਰੀ ਰੀਡਿੰਗ ਦਿੱਤੀ। ਅਲਕੋਹਲ ਦੀ ਵਰਤੋਂ ਵਾਲੇ ਮਨੋਨੀਤ ਜ਼ੋਨਾਂ ਵਿਚ ਸਵੇਰੇ 11 ਵਜੇ ਤੋਂ ਸ਼ਾਮ ਤਕ ਹਫ਼ਤੇ ਦੇ ਸੱਤੇ ਦਿਨ ਦਾਰੂ ਪੀਣ ਦੀ ਇਜਾਜ਼ਤ ਹੋਵੇਗੀ। ਕੌਂਸਲਰ ਡਾਈਲਨ ਕਰੂਗਰ ਜਿਨ੍ਹਾਂ ਦੇ ਮਤੇ ਨੇ ਪਾਈਲਟ ਪ੍ਰਾਜੈਕਟ ਸ਼ੁਰੂ ਕਰਨ ਦੀ ਅਗਵਾਈ ਕੀਤੀ ਨੇ ਕੌਂਸਲ ਨੂੰ ਦੱਸਿਆ ਕਿ ਪਾਇਲਟ ਇਕ ਇਕੁਵਿਟੀ ਹਿੱਸਾ ਹੈ ਜਿਹੜਾ ਉਨ੍ਹਾਂ ਲੋਕਾਂ ਦਾ ਸਮਰਥਨ ਕਰਦਾ ਹੈ ਜਿਨ੍ਹਾਂ ਕੋਲ ਆਊਟਡੋਰ ਨਿੱਜੀ ਥਾਂ ਨਹੀਂ ਹੁੰਦੀ।


JJB INSURANCE

Sarban Singh Sidhu
604-507-6866
#1, 13791, 72 AVE, SURREY (NEAR FRUITICANA)

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
| --- | --- | --- | --- |
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available

UNI GLOBAL IMMIGRATION CONSULTING SERVICES LTD.

Your Dream......Our Passion

For All Your Immigration Related Needs

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962

#12387 - 75 Ave., Surrey BC V3W 2S7
Email: contactuniglobal@gmail.com

# ਮਹਾਂਮਾਰੀ ਦੇ ਤਰਸਯੋਗ ਹਾਲਾਤ ਕਾਰਣ ਪ੍ਰਧਾਨ ਮੰਤਰੀ ਮੋਦੀ ਦੀ ਚੁਫੇਰਿਓ ਨਿੰਦਾ

### ਆਰ ਐਸ ਐਸ ਨੇ ਵੀ ਨਾਰਾਜ਼ਗੀ ਪ੍ਰਗਟਾਈ

ਨਵੀਂ ਦਿੱਲੀ-ਦੇਸ਼ ਨੂੰ ਕਰੋਨਾ ਦੇ ਘੋਰ ਸੰਕਟ 'ਚ ਪਾਉਣ ਲਈ ਨਰਿੰਦਰ ਮੋਦੀ ਸਰਕਾਰ ਦੀ ਜਦੋਂ ਚਾਰ-ਚੁਫ਼ੇਰਿਓਂ ਨਿੰਦਾ ਹੋ ਰਹੀ ਹੈ ਤਾਂ ਇੰਜ ਜਾਪਦਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਵੀ ਪਾਰਟੀ ਆਗੂਆਂ ਵੱਲੋਂ ਹਾਲਾਤ ਨਾਲ ਨਜਿੱਠਣ ਦੇ ਤਰੀਕਿਆਂ ਤੋਂ ਔਖਾ ਹੈ। ਸੀਨੀਅਰ ਆਗੂਆਂ ਨੇ ਇਸ ਮੁੱਦੇ 'ਤੇ ਭਾਵੇਂ ਖਾਮੋਸ਼ੀ ਧਾਰ ਲਈ ਹੈ ਪਰ ਦਿੱਲੀ ਦੇ ਆਰਐੱਸਐੱਸ ਆਗੂ ਰਾਜੀਵ ਤੁਲੀ ਨੇ ਸੰਕਟ ਦੇ ਸਮੇਂ ਭਾਜਪਾ ਆਗੂਆਂ ਦੇ ਕੌਮੀ ਰਾਜਧਾਨੀ ਤੋਂ 'ਗ਼ੈਰ-ਹਾਜ਼ਰ' ਰਹਿਣ 'ਤੇ ਸਵਾਲ ਉਠਾਏ ਜਾਣ ਨੇ ਅੰਦਰੂਨੀ ਖਿੱਚੋਤਾਣ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ। ਸੂਤਰਾਂ ਨੇ ਕਿਹਾ,"ਭਾਵੇਂ ਕੁਦਰਤੀ ਤੌਰ 'ਤੇ ਹਾਲਾਤ ਨੂੰ ਲੈ ਕੇ ਹਰ ਕੋਈ ਫਿਕਰਮੰਦ ਹੈ ਪਰ ਆਲੋਚਨਾ ਕਰਨ ਦਾ ਇਹ ਸਹੀ ਸਮਾਂ ਨਹੀਂ ਹੈ।" ਸੰਘ ਦੇ ਇਕ ਅਹੁਦੇਦਾਰ ਨੇ ਕਿਹਾ ਕਿ ਕਿਸੇ ਦੀ ਨਿੰਦਾ ਕਰਕੇ ਹਾਲਾਤ ਸੁਧਰਨਗੇ ਨਹੀਂ ਸਗੋਂ ਪਹਿਲਾਂ ਹਾਲਾਤ ਕਾਬੂ ਹੇਠ ਕਰਨੇ ਚਾਹੀਦੇ ਹਨ। 'ਅਸੀਂ ਹਰ ਤਰੀਕੇ ਨਾਲ ਸਹਾਇਤਾ ਕਰ ਰਹੇ ਹਾਂ। ਪਰ ਕੋਈ ਵੀ ਅਜਿਹੇ ਹਾਲਾਤ ਨਾਲ ਨਜਿੱਠਣ ਦੇ ਢੰਗ ਦਾ ਬਚਾਅ ਨਹੀਂ ਕਰ ਸਕਦਾ ਹੈ।' ਉਂਜ ਸੰਘ ਦੇ ਕੌਮੀ ਪ੍ਰਚਾਰ ਦੇ ਮੁਖੀ ਸੁਨੀਲ ਅੰਬੇਕਾਰ ਨੇ ਤੁਲੀ ਦੇ ਬਿਆਨ ਤੋਂ ਕਿਨਾਰਾ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇਹ ਉਸ ਦੇ ਨਿੱਜੀ ਵਿਚਾਰ ਸਨ ਅਤੇ ਸੰਘ ਦਾ ਉਸ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਸੂਤਰਾਂ ਨੇ ਕਿਹਾ ਕਿ ਸੰਘ ਦੇ ਇਕ ਧੜੇ 'ਚ ਭਾਜਪਾ ਦੀ ਦਿੱਲੀ ਇਕਾਈ ਖਾਸ ਕਰਕੇ ਅਹੁਦੇਦਾਰਾਂ, ਕਾਊਂਸਲਰਾਂ ਅਤੇ ਸੰਸਦ ਮੈਂਬਰਾਂ ਖ਼ਿਲਾਫ਼ ਨਾਰਾਜ਼ਗੀ ਹੈ। ਉਨ੍ਹਾਂ ਕਿਹਾ ਕਿ ਸੰਘ ਅਤੇ ਉਨ੍ਹਾਂ ਦੀਆਂ ਸੇਵਾ ਭਾਰਤੀ ਜਿਹੀਆਂ ਸਹਾਇਕ ਜਥੇਬੰਦੀਆਂ ਕਰੋਨਾ ਪੀੜਤਾਂ ਨੂੰ ਰਾਹਤ ਪਹੁੰਚਾ ਰਹੀਆਂ ਹਨ।

# ਐਗਜ਼ਿਟ ਪੋਲ ਵਿਚ ਬੰਗਾਲ ਵਿਚ ਦੀਦੀ ਤੇ ਭਾਜਪਾ ਦਰਮਿਆਨ ਫਸਵੀਂ ਟੱਕਰ

ਨਵੀਂ ਦਿੱਲੀ-ਐਗਜ਼ਿਟ ਪੋਲ ਦੇ ਨਤੀਜਿਆਂ ਵਿੱਚ ਬੰਗਾਲ ਵਿੱਚ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਦਰਮਿਆਨ ਫਸਵੇਂ ਮੁਕਾਬਲੇ ਦੀ ਪੇਸ਼ੀਨਗੋਈ ਕੀਤੀ ਗਈ ਹੈ। ਅਸਾਮ ਵਿੱਚ ਭਾਜਪਾ ਜਦੋਂਕਿ ਤਾਮਿਲ ਨਾਡੂ ਵਿੱਚ ਡੀਐੱਮਕੇ-ਕਾਂਗਰਸ ਗੱਠਜੋੜ ਦਾ ਹੱਥ ਉੱਤੇ ਰਹਿਣ ਦੇ ਅਨੁਮਾਨ ਲਾਏ ਗਏ ਹਨ। ਕੇਰਲਾ ਦੀ ਗੱਲ ਕਰੀਏ ਤਾਂ ਮੁੱਖ ਮੰਤਰੀ ਪਿਨਾਰਈ ਵਿਜਯਨ ਦੀ ਅਗਵਾਈ ਵਾਲਾ ਲੈਫਟ ਫਰੰਟ ਮੁੜ ਸਰਕਾਰ ਬਣਾਉਂਦਾ ਨਜ਼ਰ ਆਉਂਦਾ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਹੱਥੋਂ ਤਿਲਕਦਾ ਨਜ਼ਰ ਆ ਰਿਹਾ ਹੈ। ਇਸ ਦੌਰਾਨ ਪੱਛਮੀ ਬੰਗਾਲ 'ਚ ਅੱਜ 35 ਅਸੈਂਬਲੀ ਸੀਟਾਂ ਲਈ ਆਖਰੀ ਗੇੜ ਦੀ ਪੋਲਿੰਗ ਦੌਰਾਨ 76.09 ਫੀਸਦ ਪੋਲਿੰਗ ਹੋਈ। ਇੱਕਾ ਦੁੱਕਾ ਹਿੰਸਕ ਘਟਨਾਵਾਂ ਨੂੰ ਛੱਡ ਕੇ ਪੋਲਿੰਗ ਦਾ ਅਮਲ ਅਮਨ ਅਮਾਨ ਨਾਲ ਨਿੱਬੜ ਗਿਆ। ਚਾਰ ਸੂਬਿਆਂ ਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਚੋਣ ਨਤੀਜੇ 2 ਮਈ ਨੂੰ ਐਲਾਨੇ ਜਾਣਗੇ। ਪੱਛਮੀ ਬੰਗਾਲ 'ਚ ਅੱਜ ਅੱਠਵੇਂ ਤੇ ਆਖਰੀ ਗੇੜ ਦੀਆਂ ਚੋਣਾਂ ਲਈ ਵੋਟਿੰਗ ਦਾ ਅਮਲ ਮੁਕੰਮਲ ਹੁੰਦਿਆਂ ਹੀ ਟੀਵੀ ਚੈਨਲਾਂ ਨੇ ਐਗਜ਼ਿਟ ਪੋਲਾਂ ਦੇ ਨਤੀਜੇ ਨਸ਼ਰ ਕਰ ਦਿੱਤੇ। ਐਗਜ਼ਿਟ ਪੋਲ ਮੁਤਾਬਕ ਸਿਆਸੀ ਪੱਖੋਂ ਅਹਿਮ ਸੂਬੇ ਪੱਛਮੀ ਬੰਗਾਲ 'ਚ ਫ਼ਸਵਾਂ ਮੁਕਾਬਲਾ ਹੋਣ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਸਾਰੇ ਹੀ ਟੀਵੀ ਚੈਨਲਾਂ



ਨੇ 294 ਮੈਂਬਰੀ ਬੰਗਾਲ ਵਿਧਾਨ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਨੂੰ ਘੱਟੋ-ਘੱਟ 152 ਤੇ ਵੱਧ ਤੋਂ ਵੱਧ 176 ਸੀਟਾਂ ਦਿੱਤੀਆਂ ਹਨ ਜਦੋਂਕਿ ਭਾਜਪਾ ਨੂੰ 105 ਤੋਂ 148 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਹੈ। ਸਿਰਫ਼ ਰਿਪਬਲਿਕ ਟੀਵੀ-ਸੀਐੱਨਐਕਸ ਨੇ ਆਪਣੇ ਐਗਜ਼ਿਟ ਪੋਲ ਵਿੱਚ ਭਾਜਪਾ ਨੂੰ (138-148) ਤ੍ਰਿਣਮੂਲ ਕਾਂਗਰਸ(128-138) ਨਾਲੋਂ ਵੱਧ ਸੀਟਾਂ ਮਿਲਣ ਦੀ ਪੇਸ਼ੀਨਗੋਈ ਕੀਤੀ ਹੈ। ਟਾਈਮਜ਼ ਨਾਓ-ਸੀ ਵੋਟਰ ਨੇ 162 ਸੀਟਾਂ ਨਾਲ ਟੀਐੱਮਸੀ ਦੇ ਹੱਕ 'ਚ ਸਪਸ਼ਟ ਫ਼ਤਵੇ ਦਾ ਦਾਅਵਾ ਕੀਤਾ ਹੈ ਜਦੋਂਕਿ ਭਾਜਪਾ ਦੇ ਹਿੱਸੇ 115 ਸੀਟਾਂ ਦਰਸਾਈਆਂ ਹਨ। ਜਨ ਕੀ ਬਾਤ ਐਗਜ਼ਿਟ ਪੋਲ ਨੇ ਪੱਛਮੀ ਬੰਗਾਲ ਚੋਣਾਂ ਵਿੱਚ ਭਾਜਪਾ ਨੂੰ 162 ਤੋਂ 185 ਸੀਟਾਂ ਨਾਲ ਮਜ਼ਬੂਤ ਬਹੁਮੱਤ ਮਿਲਣ ਦੀ ਪੇਸ਼ੀਨਗੋਈ ਕੀਤੀ ਹੈ। ਸੱਤਾਧਾਰੀ ਟੀਐੱਮਸੀ ਨੂੰ 104-121 ਸੀਟਾਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਅਸਾਮ ਦੀ ਗੱਲ ਕਰੀਏ ਤਾਂ ਇੰਡੀਆ ਟੂਡੇ-ਐਕਸਿਸ ਮਾਈ ਇੰਡੀਆ ਨੇ 126 ਮੈਂਬਰੀ ਅਸੈਂਬਲੀ 'ਚ ਭਾਜਪਾ ਲਈ 75-80 ਤੇ ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਨੂੰ 40 ਤੋਂ 50 ਸੀਟਾਂ ਮਿਲਣ ਦੇ ਅਨੁਮਾਨ ਲਾਏ ਹਨ। ਟੂਡੇ ਪੰਚਾਰੀ ਨੇ ਭਾਜਪਾ ਨੂੰ 70 ਤੇ ਕਾਂਗਰਸ ਗੱਠਜੋੜ ਨੂੰ 56 ਸੀਟਾਂ ਦਿੱਤੀਆਂ ਹਨ। ਕੇਰਲਾ ਤੇ ਤਾਮਿਲ ਨਾਡੂ 'ਚ ਕ੍ਰਮਵਾਰ ਖੱਬੇਪੱਖੀ ਗੱਠਜੋੜ ਤੇ ਡੀਐੱਮਕੇ ਦੀ ਅਗਵਾਈ ਵਾਲੀ ਵਿਰੋਧੀ ਧਿਰ ਦੇ ਆਪਣੇ ਰਵਾਇਤੀ ਵਿਰੋਧੀਆਂ ਤੋਂ ਅੱਗੇ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਹੈ।

# ਸੀ.ਪੀ.ਆਈ. ਦੇ ਸੀਨੀਅਰ ਆਗੂ ਡਾ: ਜੋਗਿੰਦਰ ਦਿਆਲ ਦਾ ਦੇਹਾਂਤ

ਚੰਡੀਗੜ੍ਹ-ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਨੇਤਾ ਡਾ. ਜੋਗਿੰਦਰ ਦਿਆਲ ਦਾ ਲੰਬੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ ਹੈ। ਕੌਮੀ ਕਮਿਊਨਿਸਟ ਸਫ਼ਾਂ 'ਚ 'ਟਾਈਗਰ' ਵਜੋਂ ਜਾਣੇ ਜਾਂਦੇ ਡਾ. ਜੋਗਿੰਦਰ ਦਿਆਲ ਦਾ ਵਿਦਿਆਰਥੀ ਅਤੇ ਕਿਸਾਨੀ ਲਹਿਰ 'ਚ ਵੱਡਾ ਯੋਗਦਾਨ ਰਿਹਾ ਹੈ। 79 ਵਰ੍ਹਿਆਂ ਦੇ ਡਾ. ਦਿਆਲ ਹੁਣ ਵੀ ਸੀਪੀਆਈ ਦੇ ਕੰਟਰੋਲ ਕਮਿਸ਼ਨ ਦੇ ਮੈਂਬਰ ਸਨ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਕਮਲਜੀਤ ਕੌਰ, ਬੇਟੀਆਂ ਨੀਨਾ ਅਤੇ ਜੈਸਮੀਨ ਹਨ। ਪਟਿਆਲਾ ਦੇ ਮੈਡੀਕਲ ਕਾਲਜ ਤੋਂ ਡਾਕਟਰੀ ਮਗਰੋਂ ਉਨ੍ਹਾਂ ਉਚੇਰੀ ਡਿਗਰੀ ਅਲੀਗੜ੍ਹ ਮੈਡੀਕਲ ਕਾਲਜ ਤੋਂ ਕੀਤੀ। ਵਿਦਿਆਰਥੀ



ਜੀਵਨ ਦੌਰਾਨ ਹੀ ਉਹ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ 'ਚ ਕੰਮ ਕਰਨ ਲੱਗ ਪਏ ਸਨ ਅਤੇ ਛੇਤੀ ਹੀ ਉਹ ਇਸ ਦੇ ਪ੍ਰਧਾਨ ਬਣ ਗਏ ਸਨ। ਉਨ੍ਹਾਂ ਨਾਗਪੁਰ, ਹੈਦਰਾਬਾਦ, ਬਨਾਰਸ, ਲਖਨਊ ਯੂਨੀਵਰਸਿਟੀ ਆਦਿ 'ਚ ਵਿਦਿਆਰਥੀ ਅੰਦੋਲਨਾਂ ਦੀ ਅਗਵਾਈ ਕੀਤੀ ਜਿਸ ਕਾਰਨ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਵੀ ਜਾਣਾ ਪਿਆ। ਉਨ੍ਹਾਂ ਦੀ ਅਗਵਾਈ ਹੇਠ ਸੰਸਦ ਕੋਲ ਦੋ ਲੱਖ ਵਿਦਿਆਰਥੀਆਂ ਨੇ ਵਿਸ਼ਾਲ ਪ੍ਰਦਰਸ਼ਨ ਕੀਤਾ ਸੀ। ਉਹ ਕਾਮਰੇਡ ਭੁਪੇਸ਼ ਗੁਪਤਾ, ਡਾ. ਲੋਹੀਆ, ਰਾਜ ਨਾਰਾਇਣ, ਮਧੂ ਲਿਮਯੇ ਅਤੇ ਸੀ ਕੇ ਚੰਦਰਪਨ ਨਾਲ ਤਿਹਾੜ ਜੇਲ੍ਹ ਵਿਚ ਵੀ ਰਹੇ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਮੈਰੂਆਨਾ ਤੋੜਣ, ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ। ਸਿਰਫ ਪੀ.ਆਰ. ਹੋਲਡਰ, ਓਪਨ ਵਰਕ ਪਰਮਿਟ ਜਾਂ ਵੈਕੇਸ਼ਨ ਵਾਲੇ ਸਟੂਡੈਂਟਸ (ਲੜਕੇ) ਹੀ ਸੰਪਰਕ ਕਰਨ।
- ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।

ਸੰਪਰਕ- ਸੰਨੀ ਸੰਧਰ 604-727-2421




Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

Laminate Floor: 8.3mm thick, 25 years warranty, Click Do It Yourself, German technology — .99 cent

Commercial Carpet: Starts From .78 cent

Berber: Starts From .78 cent

Area Rug (5x8): Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਖੇਤੀ ਕਾਨੂੰਨ ਰੱਦ ਹੋਣ ਤੱਕ ਕਿਸਾਨ ਅੰਦੋਲਨ ਜਾਰੀ ਰਹੇਗਾ-ਟਿਕੈਤ

ਚੰਡੀਗੜ੍ਹ-ਭਿਵਾਨੀ ਦੇ ਪ੍ਰੇਮ ਨਗਰ ਵਿੱਚ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਸ਼ੁਰੂ ਹੋਇਆ ਕਿਸਾਨ ਅੰਦੋਲਨ ਹੁਣ ਜਨ ਅੰਦੋਲਨ ਬਣ ਚੁੱਕਿਆ ਹੈ, ਜਿਸ ਵਿੱਚ ਹਰ ਵਰਗ ਦੇ ਲੋਕ ਸ਼ਮੂਲੀਅਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਹੌਸਲੇ ਤੋਂ ਬੌਖਲਾਈ ਕੇਂਦਰ ਸਰਕਾਰ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਪੈਂਤੜੇ ਖੇਡ ਰਹੀ ਹੈ ਅਤੇ ਕੇਂਦਰ ਸਰਕਾਰ ਦੇ ਹਰ ਪੈਂਤੜੇ ਤੋਂ ਬਚਣ ਲਈ ਅੰਦੋਲਨ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਸ੍ਰੀ ਟਿਕੈਤ ਨੇ ਕਿਹਾ ਕਿ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਏ ਬਗ਼ੈਰ ਘਰ ਵਾਪਸੀ ਨਹੀਂ ਕਰਨਗੇ। ਕਿਸਾਨ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਕਰੋਨਾ ਦੇ ਨਾਮ 'ਤੇ ਕਿਸਾਨ ਅੰਦੋਲਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਕਿਸਾਨ ਮਾਸਕ ਪਾ ਕੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਅੰਦੋਲਨ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਖਾਂਸੀ ਜਾਂ ਜ਼ੁਕਾਮ ਦੀ ਸ਼ਿਕਾਇਤ ਹੈ ਤਾਂ ਤੁਰੰਤ ਡਾਕਟਰੀ ਇਲਾਜ ਕਰਵਾਇਆ ਜਾਵੇ। ਸ੍ਰੀ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਦਬਾਉਣ ਅਤੇ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸਰਕਾਰ ਦੇ ਡਰ ਤੋਂ ਬਿਨਾਂ ਅੰਦੋਲਨ ਨੂੰ ਜਾਰੀ ਰੱਖਿਆ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਸ਼ੁਰੂ ਹੋਏ ਸੰਘਰਸ਼ ਨੂੰ ਅੱਜ 5 ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁਕਿਆ ਹੈ ਅਤੇ ਹੁਣ ਤੱਕ 400 ਦੇ ਕਰੀਬ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਰੋਨਾ ਦੇ ਨਾਮ 'ਤੇ ਕਿਸਾਨ ਅੰਦੋਲਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਇਹ ਅੰਦੋਲਨ ਜਾਰੀ ਰਹੇਗਾ। ਯੁੱਧਵੀਰ ਸਿੰਘ ਨੇ ਕਿਹਾ ਕਿ ਕਿਸਾਨ ਅੰਦੋਲਨ ਵਿੱਚ ਹਾੜ੍ਹੀ ਦੇ ਸੀਜ਼ਨ ਕਰਕੇ ਕਿਸਾਨਾਂ ਦੀ ਗਿਣਤੀ ਘਟੀ ਸੀ। ਉਹ ਮੁੜ ਵਧਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਸਾਨ ਆਗੂਆਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਹਰੇਕ ਪਿੰਡ ਵਿੱਚ ਕਿਸਾਨ ਯੂਨੀਅਨ ਦੀ ਇਕਾਈ ਦਾ ਗਠਨ ਕੀਤਾ ਜਾਵੇ, ਜਿਸ ਨਾਲ ਹਰ ਘਰ ਵਿੱਚੋਂ ਇਕ ਜੀਅ ਨੂੰ ਕਿਸਾਨ ਅੰਦੋਲਨ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਵਿੱਚ ਪਹੁੰਚਣ ਦੀ ਅਪੀਲ ਕੀਤੀ।



# ਦਿੱਲੀ ਵਿਚ ਮੁੱਖ ਮੰਤਰੀ ਦੀ ਥਾਂ ਉਪ ਰਾਜਪਾਲ ਨੂੰ 'ਕਮਾਨ'

ਨਵੀਂ ਦਿੱਲੀ (ਦਿਓਲ)-ਕੌਮੀ ਰਾਜਧਾਨੀ ਵਿੱਚ ਹੁਣ ਲੋਕਾਂ ਵੱਲੋਂ ਚੁਣੀ ਗਈ ਸਰਕਾਰ ਦੀ ਥਾਂ 'ਤੇ ਉਪ ਰਾਜਪਾਲ ਕੋਲ ਵਧੇਰੇ ਤਾਕਤਾਂ ਹੋਣਗੀਆਂ। ਕੇਂਦਰ ਸਰਕਾਰ ਵੱਲੋਂ ਦਿੱਲੀ ਕੌਮੀ ਰਾਜਧਾਨੀ ਖੇਤਰ ਸ਼ਾਸਨ (ਸੋਧ) ਐਕਟ-2021 ਲਾਗੂ ਕੀਤੇ ਜਾਣ ਨਾਲ ਸਾਰੇ ਅਧਿਕਾਰ ਉਪ ਰਾਜਪਾਲ ਅਨਿਲ ਬੈਜਲ ਨੂੰ ਸੌਂਪ ਦਿੱਤੇ ਗਏ ਹਨ। ਹੁਣ ਦਿੱਲੀ ਸਰਕਾਰ ਨੂੰ ਕੋਈ ਵੀ ਨੀਤੀਗਤ ਫ਼ੈਸਲਾ ਲੈਣ ਤੋਂ ਪਹਿਲਾਂ ਉਪ ਰਾਜਪਾਲ ਤੋਂ ਮਨਜ਼ੂਰੀ ਲੈਣੀ ਪਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਐਕਟ 27 ਅਪਰੈਲ ਤੋਂ ਲਾਗੂ ਹੋ ਗਿਆ ਹੈ। ਕੇਂਦਰ ਨੇ ਦਿੱਲੀ ਸਰਕਾਰ ਦੀਆਂ ਤਾਕਤਾਂ ਵਿੱਚ ਇਹ ਕਮੀ ਉਦੋਂ ਕੀਤੀ ਹੈ ਜਦੋਂ ਸਰਕਾਰ ਕਰੋਨਾਵਾਇਰਸ ਕਾਰਨ ਹੋ ਰਹੀਆਂ ਮੌਤਾਂ ਅਤੇ ਆਕਸੀਜਨ ਦੀ ਕਮੀ ਨਾਲ ਜੂਝ ਰਹੀ ਹੈ। ਗ੍ਰਹਿ ਮੰਤਰਾਲੇ ਦੇ ਵਧੀਕ ਸਕੱਤਰ ਗੋਬਿੰਦ ਮੋਹਨ ਦੇ ਦਸਤਖ਼ਤਾਂ ਹੇਠ ਜਾਰੀ ਨੋਟੀਫਿਕੇਸ਼ਨ ਮੁਤਾਬਕ ਦਿੱਲੀ ਕੌਮੀ ਰਾਜਧਾਨੀ ਰਾਜ ਖੇਤਰ ਸ਼ਾਸਨ (ਸੋਧ) ਐਕਟ-2021 (2021 ਦੀ 15) ਦੀ ਧਾਰਾ ਦੀ ਇੱਕ ਉਪ ਧਾਰਾ-2 ਵਿੱਚ ਦਿੱਤੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਕੇਂਦਰ ਸਰਕਾਰ 27 ਅਪਰੈਲ ਤੋਂ ਐਕਟ ਦੀਆਂ ਮੱਦਾਂ ਲਾਗੂ ਕਰਦੀ ਹੈ। ਕਾਨੂੰਨ ਮੁਤਾਬਕ ਦਿੱਲੀ 'ਚ ਹੁਣ 'ਸਰਕਾਰ' ਦਾ ਮਤਲਬ 'ਉਪ ਰਾਜਪਾਲ' ਹੋਵੇਗਾ। ਇਹ ਐਕਟ ਲੋਕ ਸਭਾ ਵਿੱਚ 22 ਮਾਰਚ ਅਤੇ ਰਾਜ ਸਭਾ ਵਿੱਚ 24 ਮਾਰਚ 2021 ਨੂੰ ਪਾਸ ਕੀਤਾ ਗਿਆ ਸੀ। ਉਦੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਦੀ ਐੱਨਡੀਏ ਸਰਕਾਰ 'ਤੇ ਦੋਸ਼ ਲਾਉਂਦਿਆਂ ਇਸ ਨੂੰ ਲੋਕਤੰਤਰ ਲਈ ਕਾਲਾ ਦਿਨ ਕਰਾਰ ਦਿੱਤਾ ਸੀ। ਐਕਟ ਦੇ ਲਾਗੂ ਹੋਣ ਨਾਲ ਕੇਂਦਰ ਸਰਕਾਰ ਦਾ ਉਪ ਰਾਜਪਾਲ ਰਾਹੀਂ ਦਖ਼ਲ ਹੋਰ ਵੀ ਵਧ ਜਾਵੇਗਾ। ਉਪ ਰਾਜਪਾਲ ਦੀਆਂ ਤਾਕਤਾਂ ਵਧਣ ਕਰਕੇ ਸੂਬਾ ਸਰਕਾਰ ਨੂੰ ਆਪਣੇ ਫ਼ੈਸਲਿਆਂ ਲਈ ਉਨ੍ਹਾਂ ਤੋਂ ਮਨਜ਼ੂਰੀ ਲੈਣੀ ਹੋਵੇਗੀ।

# ਕੋਵਿਡ ਪਾਬੰਦੀਆਂ ਦੀ ਉਲੰਘਣਾ ਕਾਰਣ ਅਦਾਕਾਰ ਜਿੰਮੀ ਸ਼ੇਰਗਿੱਲ ਸਣੇ 34 ਜਣਿਆਂ ਖ਼ਿਲਾਫ਼ ਕੇਸ

ਲੁਧਿਆਣਾ-ਇਥੇ ਸ਼ੂਟਿੰਗ ਕਰ ਰਹੇ ਬੌਲੀਵੁੱਡ ਅਦਾਕਾਰ ਜਿੰਮੀ ਸ਼ੇਰਗਿੱਲ ਤੇ ਨਿਰਦੇਸ਼ਕ ਸਮੇਤ 34 ਜਣਿਆਂ ਖ਼ਿਲਾਫ਼ ਪੁਲੀਸ ਨੇ ਕਰਫਿਊ ਦੀ ਉਲੰਘਣਾ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਇਹ ਕਾਰਵਾਈ ਥਾਣਾ ਕੋਤਵਾਲੀ ਪੁਲੀਸ ਨੇ ਕੀਤੀ ਹੈ। ਇਸ ਮਾਮਲੇ ਵਿੱਚ ਜਿੰਮੀ ਸ਼ੇਰਗਿੱਲ ਦੇ ਤਿੰਨ ਸਾਥਿਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ, ਜਿਨ੍ਹਾਂ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਆਰੀਆ ਸਕੂਲ 'ਚ ਜਿੰਮੀ ਸ਼ੇਰਗਿੱਲ ਵੱਲੋਂ ਸਮਾਜਿਕ ਦੂਰੀ ਸਮੇਤ ਹੋਰਨਾਂ ਹਦਾਇਤਾਂ ਦੀ ਉਲੰਘਣਾ ਕਰਦਿਆਂ ਇੱਕ ਵੈੱਬ ਸੀਰੀਜ਼ ਦੀ ਸ਼ੂਟਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁਲੀਸ ਨੇ ਛਾਪਾ ਮਾਰ ਕੇ ਮਾਸਕ ਨਾ ਪਾਉਣ ਦਾ ਚਲਾਨ ਕਰ ਦਿੱਤਾ। ਅਗਲੇ ਦਿਨ ਮੰਗਲਵਾਰ ਦੇਰ ਰਾਤ ਜਦੋਂ ਪੁਲੀਸ ਨੂੰ ਸੂਚਨਾ ਮਿਲੀ ਕਿ ਸੈੱਟ 'ਤੇ 150 ਦੇ ਕਰੀਬ ਲੋਕ ਮੌਜੂਦ ਹਨ ਤਾਂ ਉਨ੍ਹਾਂ ਉਥੋਂ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਲਿਆ। ਏਸੀਪੀ ਵਰਿਆਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜਿੰਮੀ ਸ਼ੇਰਗਿੱਲ ਸਮੇਤ 34 ਜਣਿਆਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ।












# ਕੈਪਟਨ ਤੇ ਸਿੱਧੂ ਵਿਚਾਲ ਖੜਕੀ-ਮੁੱਖ ਮੰਤਰੀ ਨੇ ਸਿੱਧੂ ਨੂੰ ਵੰਗਾਰਿਆ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਚੁੱਪ ਤੋੜਦਿਆਂ ਕਾਂਗਰਸੀ ਵਿਧਾਇਕ ਤੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ 'ਤੇ ਸਿੱਧਾ ਵਾਰ ਕਰਦਿਆਂ ਚੁਣੌਤੀ ਦਿੱਤੀ ਹੈ। ਸਿੱਧੂ ਪਿਛਲੇ ਕਈ ਦਿਨਾਂ ਤੋਂ ਅਮਰਿੰਦਰ ਸਿੰਘ ਨੂੰ ਨਿਸ਼ਾਨੇ 'ਤੇ ਰੱਖ ਰਹੇ ਸਨ, ਜਿਸ ਤੋਂ ਇਹ ਸੰਕੇਤ ਮਿਲੇ ਸਨ ਕਿ ਉਹ ਵੱਖਰੇ ਰਾਹ ਤੁਰ ਪਏ ਹਨ। ਮੁੱਖ ਮੰਤਰੀ ਨੇ ਅੱਜ ਦੋ ਟੁੱਕ ਲਫ਼ਜ਼ਾਂ ਵਿੱਚ ਗੱਲ ਨਿਬੇੜਦਿਆਂ ਸਾਫ ਕਰ ਦਿੱਤਾ ਹੈ ਕਿ ਹੁਣ ਨੇੜ ਭਵਿੱਖ ਵਿੱਚ ਉਨ੍ਹਾਂ ਦੋਵਾਂ 'ਚ ਮੁੜ ਸੁਲ੍ਹਾ-ਸਫ਼ਾਈ ਦੇ ਆਸਾਰ ਨਹੀਂ ਜਾਪਦੇ ਹਨ। ਚੇਤੇ ਰਹੇ ਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਅਮਰਿੰਦਰ ਸਿੰਘ ਤੇ ਨਵਜੋਤ ਸਿੱਧੂ ਨੂੰ ਨੇੜੇ ਲਿਆਉਣ ਵਿੱਚ ਵੱਡੀ ਸਫ਼ਲਤਾ ਵੀ ਹਾਸਲ ਕਰ ਲਈ ਸੀ, ਪਰ ਬੇਅਦਬੀ ਮਾਮਲੇ ਵਿੱਚ ਸਿੱਧੂ ਵੱਲੋਂ ਕੈਪਟਨ ਨੂੰ ਸਿੱਧੇ ਤੌਰ 'ਤੇ ਕਟਹਿਰੇ ਵਿੱਚ ਖੜ੍ਹੇ ਕੀਤੇ ਜਾਣ ਕਰ ਕੇ ਦੋਵਾਂ ਵਿਚ ਪਈ ਦਰਾਰ ਨੂੰ ਭਰਨਾ ਔਖਾ ਹੋ ਗਿਆ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੱਧੂ ਦੀ ਪਟਿਆਲਾ ਹਲਕੇ ਵਿਚ ਵਧਦੀਆਂ ਸਰਗਰਮੀਆਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਨਵਜੋਤ ਸਿੱਧੂ ਜੇਕਰ ਉਨ੍ਹਾਂ ਖ਼ਿਲਾਫ਼ ਚੋਣ ਲੜਨਾ ਚਾਹੁੰਦਾ ਹੈ ਤਾਂ ਸ਼ੌਕ ਨਾਲ ਲੜੇ। ਪਿਛਲੀ ਵਾਰ ਜਨਰਲ ਜੇ.ਜੇ. ਸਿੰਘ ਆਇਆ ਸੀ, ਜਿਸ ਦੀ ਜ਼ਮਾਨਤ ਜ਼ਬਤ ਹੋ ਗਈ ਸੀ।' ਅਮਰਿੰਦਰ ਨੇ ਸਿੱਧੂ ਨੂੰ ਚੁਣੌਤੀ ਦਿੱਤੀ ਕਿ 'ਹੁਣ ਉਹ ਉਨ੍ਹਾਂ ਖਿਲਾਫ਼ ਚੋਣ ਲੜ ਕੇ ਵੇਖ ਲਏ, ਜ਼ਮਾਨਤ ਜ਼ਬਤ ਹੋਏਗੀ।' ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੱਧੂ ਨੂੰ ਖ਼ੁਦ ਸਪਸ਼ਟ ਨਹੀਂ ਕਿ ਉਹ ਕਿੱਧਰ ਜਾਣਾ ਚਾਹੁੰਦਾ ਹੈ। ਸ਼ਾਇਦ 'ਆਪ' ਵੱਲ ਜਾਣ ਦੀ ਤਿਆਰੀ ਕਰ ਰਿਹਾ ਹੈ। ਨਵਜੋਤ ਸਿੱਧੂ ਜਿੰਨੀ ਜਲਦੀ ਜਾਣਾ ਚਾਹੁੰਦਾ ਹੈ, ਜਿੱਥੇ ਜਾਣਾ ਚਾਹੁੰਦਾ ਹੈ, ਜਾਵੇ।' ਅਮਰਿੰਦਰ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਦਿਨਾਂ ਤੋਂ ਨਵਜੋਤ ਸਿੱਧੂ ਹਮਲੇ ਕਰ ਰਿਹਾ ਹੈ, ਉਸ ਤੋਂ ਸਾਫ ਹੈ ਕਿ ਉਹ ਕਿਤੇ ਜਾਣ ਦੀ ਤਿਆਰੀ ਕਰ ਰਿਹਾ ਹੈ। ਅਮਰਿੰਦਰ ਨੇ ਸੁਆਲ ਉਠਾਇਆ ਕਿ ਨਵਜੋਤ ਸਿੱਧੂ ਨੂੰ ਕਾਂਗਰਸ ਪ੍ਰਧਾਨ ਕਿਉਂ ਬਣਾਇਆ ਜਾਵੇ, ਬਤੌਰ ਪ੍ਰਧਾਨ ਸੁਨੀਲ ਜਾਖੜ ਚੰਗਾ ਕੰਮ ਕਰ ਰਹੇ ਹਨ। ਕਾਂਗਰਸ ਦੇ ਕਿੰਨੇ ਮੰਤਰੀ ਨਵਜੋਤ ਸਿੱਧੂ ਨਾਲੋਂ ਸੀਨੀਅਰ ਹਨ। ਅਮਰਿੰਦਰ ਨੇ ਕਿਹਾ ਕਿ ਸੁਖਜਿੰਦਰ ਰੰਧਾਵਾ ਅਤੇ ਸੁਨੀਲ ਜਾਖੜ ਦਾ ਕੱਲ੍ਹ ਹੀ ਅਸਤੀਫ਼ਾ ਨਾਮਨਜ਼ੂਰ ਕਰ ਦਿੱਤਾ ਸੀ ਅਤੇ ਉਹ ਚੰਗਾ ਕੰਮ ਕਰ ਰਹੇ ਹਨ। ਕੈਪਟਨ ਦੇ ਨਵਜੋਤ ਸਿੱਧੂ ਖ਼ਿਲਾਫ਼ ਖੁੱਲ੍ਹ ਕੇ ਮੈਦਾਨ ਵਿੱਚ ਨਿੱਤਰਨ ਨਾਲ ਕੋਵਿਡ ਮਹਾਮਾਰੀ ਦੇ ਇਸ ਦੌਰ 'ਚ ਪੰਜਾਬ ਕਾਂਗਰਸ ਵਿੱਚ ਸਿਆਸੀ ਖਿੱਚੋਤਾਣ ਵਧਣ ਦੀ ਸੰਭਾਵਨਾ ਬਣ ਗਈ ਹੈ। ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਬਿੱਟੂ ਵੀ ਅਮਰਿੰਦਰ ਸਿੰਘ ਨਾਲ ਡਟ ਕੇ ਖੜ੍ਹ ਗਏ ਹਨ। ਬਿੱਟੂ ਨੇ ਅਮਰਿੰਦਰ ਸਿੰਘ ਨੂੰ ਹੀ ਪੰਜਾਬ ਦਾ ਅਸਲੀ ਸ਼ੇਰ ਦੱਸਿਆ ਹੈ। ਕਾਂਗਰਸੀ ਵਿਧਾਇਕ ਡਾ. ਰਾਜ ਕੁਮਾਰ ਵੇਰਕਾ ਪਹਿਲਾਂ ਹੀ ਕਾਂਗਰਸ ਹਾਈਕਮਾਂਡ ਨੂੰ ਪੱਤਰ ਲਿਖ ਚੁੱਕੇ ਹਨ ਕਿ ਫੌਰੀ ਇਸ ਮਾਮਲੇ ਵਿਚ ਦਖ਼ਲ ਦਿੱਤਾ ਜਾਵੇ। ਅਮਰਿੰਦਰ ਤੇ ਨਵਜੋਤ ਸਿੱਧੂ ਦਰਮਿਆਨ ਹੁਣ ਸਿੱਧੀ ਲਕੀਰ ਖਿੱਚੀ ਗਈ ਹੈ। ਇਹ ਦੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਕਿੰਨੇ ਕੁ ਵਿਧਾਇਕ ਹੁਣ ਨਵਜੋਤ ਸਿੱਧੂ ਦੇ ਪੱਖ ਵਿਚ ਖੜ੍ਹਦੇ ਹਨ ਜਾਂ ਫਿਰ ਸਿੱਧੂ ਕਿਹੜਾ ਨਵਾਂ ਸਿਆਸੀ ਪੈਂਤੜਾ ਖੇਡਦੇ ਹਨ।



### ਸਾਡੀ ਲੜਾਈ ਇਨਸਾਫ ਲਈ ਹੈ-ਨਵਜੋਤ ਸਿੱਧੂ

ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਅਮਰਿੰਦਰ ਸਿੰਘ ਨੂੰ ਮੋੜਵਾਂ ਜੁਆਬ ਦਿੰਦੇ ਹੋਏ ਇਕ ਟਵੀਟ ਵਿਚ ਸਾਫ ਕੀਤਾ ਕਿ ਇਸ ਲੜਾਈ ਵਿਚ ਵਿਧਾਨ ਸਭਾ ਸੀਟ ਕੋਈ ਅਹਿਮੀਅਤ ਨਹੀਂ ਰੱਖਦੀ ਹੈ। ਸਿੱਧੂ ਨੇ ਟਵੀਟ ਕੀਤਾ, "ਪੰਜਾਬ ਦੀ ਚੇਤਨਤਾ ਨੂੰ ਭਟਕਾਉਣ ਦੇ ਸਭ ਯਤਨ ਅਸਫ਼ਲ ਹੋਣਗੇ। ਪੰਜਾਬ ਮੇਰੀ ਰੂਹ ਹੈ ਅਤੇ ਪੰਜਾਬ ਦੀ ਰੂਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ। ਸਾਡੀ ਲੜਾਈ ਇਨਸਾਫ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਹੈ। ਇਸ ਲੜਾਈ ਵਿਚ ਕਿਸੇ ਵਿਧਾਨ ਸਭਾ ਬਾਰੇ ਵਿਚਾਰ ਕਰਨਾ ਕੋਈ ਅਹਿਮੀਅਤ ਨਹੀਂ ਰੱਖਦਾ।'

## ਐਲੀਵੇਟਰ ਵਿਚ ਔਰਤ 'ਤੇ ਹਮਲਾ ਕਰਨ ਵਾਲੇ ਵਿਅਕਤੀ ਨੂੰ ਸਾਢੇ ਪੰਜ ਸਾਲ ਕੈਦ ਦੀ ਸਜ਼ਾ

ਵੈਨਕੂਵਰ-ਇਕ ਵਿਅਕਤੀ ਜਿਸ ਨੇ ਵੈਨਕੂਵਰ ਵਿਚ ਔਰਤ ਦੇ ਵੈਸਟ ਇੰਡ ਅਪਾਰਟਮੈਂਟ ਦੀ ਲਿਫਟ ਨੂੰ ਬੰਦ ਕਰਕੇ ਹਮਲਾ ਕਰਕੇ ਲੁੱਟਿਆ ਸੀ ਨੂੰ ਸਾਢੇ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪਿਛਲੇ ਸਾਲ ਜੁਲਾਈ ਵਿਚ 37 ਸਾਲਾ ਟਾਈਲਰ ਐਮਰਸਨ ਗੈਗਨੋਨ ਨੇ 17 ਨਵੰਬਰ 2018 ਨੂੰ ਕੋਰੀਅਨ ਔਰਤ ਜਿਸ ਦੀ ਏਜੇ ਵਜੋਂ ਪਛਾਣ ਕੀਤੀ ਗਈ ਹੈ ਖਿਲਾਫ ਅਪਰਾਧ ਕਰਨ ਬਾਰੇ ਆਪਣਾ ਕਸੂਰ ਮੰਨ ਲਿਆ ਸੀ। ਜਦੋਂ ਏਜੇ ਟੈਕਸੀ ਰਾਹੀਂ ਨਾਈਟਕਲੱਬ ਤੋਂ ਘਰ ਪੁੱਜੀ ਅਤੇ ਆਪਣੀ ਇਮਾਰਤ ਵਿਚ ਦਾਖਲ ਹੋਈ ਤਾਂ ਗੈਗਨੋਨ ਨੇ ਉਸ ਦਾ ਪਿੱਛਾ ਕਰਕੇ ਲਿਫਟ ਦੇ ਅੰਦਰ ਉਸ ਨੂੰ ਫੜ ਕੇ ਜਬਰੀ ਆਪਣੇ ਵੱਲ ਖਿੱਚ ਲਿਆ ਅਤੇ ਜਬਰਦਸਤੀ ਲਿਫਟ ਦੇ ਇਕ ਕੋਨੇ ਵਿਚ ਖੜੀ ਕਰ ਲਿਆ। ਗੈਗਨੋਨ ਨੇ ਉਸ ਨੂੰ ਕਿਹਾ ਕਿ ਜੇਕਰ ਉਸ ਨੇ ਉਸ ਦੇ ਚਿਹਰੇ ਵੱਲ ਦੇਖਿਆ ਤਾਂ ਉਹ ਉਸ ਨੂੰ ਮਾਰ ਦੇਵੇਗਾ। ਉਸ ਨੇ ਆਪਣੇ ਹੱਥ ਉਸ ਦੇ ਮੂੰਹ 'ਤੇ ਰੱਖ ਦਿੱਤੇ ਜਿਸ ਨਾਲ ਉਸ ਨੂੰ ਸਾਹ ਲੈਣਾ ਵੀ ਔਖਾ ਹੋ ਗਿਆ ਅਤੇ ਬਾਅਦ ਵਿਚ ਉਸ ਨੂੰ ਆਪਣੇ ਵੱਲ ਦੇਖਣ ਤੋਂ ਰੋਕਣ ਲਈ ਉਸ ਦੀਆਂ ਅੱਖਾਂ 'ਤੇ ਆਪਣੀ ਟੋਪੀ ਰੱਖ ਦਿੱਤੀ। ਗੈਗਨੋਨ ਦਾ ਪਿਛਲਾ ਲੰਬਾ ਅਪਰਾਧਿਕ ਰਿਕਾਰਡ ਰਿਹਾ ਹੈ।

## ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਤੇ ਮੰਤਰੀ ਰੰਧਾਵਾ ਤੇ ਬਾਜਵਾ ਤੋਂ ਅਸਤੀਫ਼ਾ ਮੰਗਿਆ

### ਹਾਈਕੋਰਟ ਦੇ ਫੈਸਲੇ ਨਾਲ ਕਾਂਗਰਸ ਦੀ ਸਾਜਿਸ਼ ਬੇਨਕਾਬ ਹੋਈ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ 'ਤੇ ਸਾਜ਼ਿਸ਼ ਤਹਿਤ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਦੇ ਦੋਸ਼ ਲਾਉਂਦਿਆਂ ਤਿੰਨਾਂ ਦਾ ਅਸਤੀਫ਼ਾ ਮੰਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੰਘ ਸਿੱਧੂ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਬਾਜਵਾ ਤੇ ਕੁਸ਼ਲਦੀਪ ਢਿੱਲੋਂ ਆਪਣੀ ਪਸੰਦ ਦੇ ਪੁਲੀਸ ਅਧਿਕਾਰੀ ਦੀ ਵਰਤੋਂ ਕਰ ਕੇ ਝੂਠੇ ਦੋਸ਼ਾਂ ਦੀ 'ਚਾਰਜਸ਼ੀਟ' ਤਿਆਰ ਕਰਵਾਉਂਦੇ ਰਹੇ। ਉਨ੍ਹਾਂ ਕਿਹਾ ਕਿ ਸਾਬਕਾ ਆਈਜੀ ਕੁੰਵਰ ਵਿਜੈ ਪ੍ਰਤਾਪ ਦੀ ਜਿਸ ਤਰ੍ਹਾਂ ਹਾਈ ਕੋਰਟ ਨੇ ਝਾੜ ਝੰਬ ਕੀਤੀ ਤੇ ਕੇਸ ਦੀ ਜਾਂਚ ਤੋਂ ਹਟਾਇਆ, ਉਸ ਨੇ ਸਰਕਾਰ ਦੀ ਸਾਜ਼ਿਸ਼ ਨੂੰ ਬੇਪਰਦ ਕਰ ਦਿੱਤਾ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਵੀ ਕਾਂਗਰਸ ਨਾਲ ਰਲ ਕੇ ਅਕਾਲੀ ਦਲ ਨੂੰ ਨਿਸ਼ਾਨਾ ਬਣਾ ਰਹੇ ਹਨ ਤੇ ਸਾਬਕਾ ਆਈਜੀ ਦਾ ਬਚਾਅ ਕਰ ਰਹੇ ਹਨ ਹਾਲਾਂਕਿ ਹਾਈ ਕੋਰਟ ਨੇ ਕੁੰਵਰ ਵਿਜੈ ਪ੍ਰਤਾਪ ਖ਼ਿਲਾਫ਼ ਸਖ਼ਤ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ 'ਆਪ' ਨੇ ਕਾਂਗਰਸ ਨਾਲ ਰਲ ਕੇ ਸਾਬਕਾ ਆਈਜੀ ਦਾ ਬਚਾਅ ਕੀਤਾ ਸੀ ਤੇ ਅਪਰੈਲ 2019 ਵਿੱਚ ਚੋਣ ਕਮਿਸ਼ਨ ਕੋਲ ਪਹੁੰਚ ਕਰ ਕੇ ਉਸ ਨੂੰ ਐੱਸਆਈਟੀ ਤੋਂ ਹਟਾਉਣ ਦੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਸੀ। ਸ੍ਰੀ ਮਜੀਠੀਆ ਨੇ ਕਾਂਗਰਸ ਸਰਕਾਰ ਵੱਲੋਂ ਕਰੋਨਾ ਤੇ ਖਰੀਦ ਕੇਂਦਰਾਂ ਵਿੱਚ ਬਾਰਦਾਨੇ ਦੀ ਘਾਟ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਫੇਲ੍ਹ ਰਹਿਣ ਦੀ ਵੀ ਨਿਖੇਧੀ ਕੀਤੀ। ਇਸ ਮੌਕੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਚਰਨਜੀਤ ਸਿੰਘ ਬਰਾੜ ਵੀ ਮੌਜੂਦ ਸਨ।



## ਪੰਛੀਆਂ ਦੀ ਸੁਰੱਖਿਆ ਵਾਸਤੇ ਬਰਨਬੀ ਵਿਚ ਟਰਾਂਸ ਮਾਊਂਟੇਨ ਨੂੰ ਪਾਈਪਲਾਈਨ ਦੀ ਉਸਾਰੀ ਵਿਚ ਦੇਰੀ ਦੇ ਹੁਕਮ

ਐਡਮਿੰਟਨ-ਪੰਛੀਆਂ ਦੇ ਆਲ੍ਹਣੇ ਦਾ ਸੀਜ਼ਨ ਖਤਮ ਹੋਣ ਤੱਕ ਬਰਨਬੀ ਵਿਚ ਜੰਗਲਾਂ ਰਾਹੀਂ ਟਰਾਂਸ ਮਾਊਂਟੇਨ ਪਾਈਪਲਾਈਨ ਦੀ ਉਸਾਰੀ ਰੋਕਣ ਦਾ ਹੁਕਮ ਦਿੱਤਾ ਗਿਆ ਹੈ। ਵਾਤਾਵਰਣ ਤੇ ਕਲਾਈਮੇਟ ਚੇਂਜ ਕੈਨੇਡਾ ਨੇ ਕੰਪਨੀ ਨੂੰ ਉਪਰੋਕਤ ਹੁਕਮ ਜਾਰੀ ਕੀਤਾ ਹੈ। ਵਿਭਾਗ ਨੇ ਕਿਹਾ ਕਿ ਇਕ ਇਨਫੋਰਸਮੈਂਟ ਅਧਿਕਾਰੀ ਵਲੋਂ ਮੌਕੇ ਦਾ ਦੌਰਾ ਕਰਕੇ ਇਹ ਸ਼ਿਕਾਇਤਾਂ ਕਰਨ ਕਿ ਐਨਾ ਦੇ ਹਿਊਮਿੰਗਬਰਡ ਤੇ ਦੂਸਰੇ ਪ੍ਰਵਾਸੀ ਪੰਛੀਆਂ ਨੂੰ ਨੁਕਸਾਨ ਹੋ ਰਿਹਾ ਹੈ ਪਿੱਛੋਂ ਹੁਕਮ ਜਾਰੀ ਕੀਤਾ ਗਿਆ ਹੈ। ਇਸ ਨੇ ਇਕ ਈਮੇਲ ਰਾਹੀਂ ਜਾਰੀ ਬਿਆਨ ਵਿਚ ਦੱਸਿਆ ਕਿ ਹੁਣ ਆਲ੍ਹਣੇ ਪਾਉਣ ਦਾ ਮੌਸਮ ਚਲ ਰਿਹਾ ਹੈ ਅਤੇ ਪ੍ਰਵਾਸੀ ਪੰਛੀ ਇਸ ਸਮੇਂ ਵਿਸ਼ੇਸ਼ ਰੂਪ ਵਿਚ ਕਮਜ਼ੋਰ ਹੁੰਦੇ ਹਨ। ਐਕਟਿਵ ਆਲ੍ਹਣਿਆਂ ਦੇ ਇਲਾਕੇ ਵਿਚ ਵਨਸਪਤੀ ਤੇ ਦਰੱਖਤਾਂ ਨੂੰ ਕੱਟਣ ਜਾਂ ਦੂਸਰੀਆਂ ਵਿਘਨਪਾਊ ਕੰਮਕਾਜ ਚੱਲਣ ਜਿਵੇਂ ਬਲਡੋਜ਼ਰ ਫੇਰਨਾ ਜਾਂ ਚੇਨਸਾਅ ਅਤੇ ਭਾਰੀ ਮਸ਼ੀਨਰੀ ਦੀ ਵਰਤੋਂ ਕਾਰਨ ਇਨ੍ਹਾਂ ਆਲ੍ਹਣਿਆਂ ਲਈ ਪ੍ਰੇਸ਼ਾਨੀ ਜਾਂ ਤਬਾਹੀ ਹੋ ਸਕਦੀ ਹੈ। ਇਸ ਦਾ ਕਹਿਣਾ ਕਿ ਇਹ ਉਸਾਰੀ 20 ਅਗਸਤ ਤਕ ਰੁਕੀ ਰਹੇਗੀ।










## ਸੰਪਾਦਕੀ

# ਭਾਰਤੀ ਹਾਕਮਾਂ ਦਾ ਗੈਰ ਜ਼ਿੰਮੇਵਾਰ ਵਿਵਹਾਰ ਅਤੇ ਮਹਾਂਮਾਰੀ ਨਾਲ ਮਰਦੇ ਲੋਕ...

**ਸੁਖਵਿੰਦਰ ਸਿੰਘ ਚੋਹਲਾ**

ਭਾਰਤ ਵਿਚ ਕੋਵਿਡ ਦੀ ਤੇਜ਼ੀ ਨਾਲ ਫੈਲੀ ਦੂਸਰੀ ਲਹਿਰ ਨੇ ਕੋਹਰਾਮ ਮਚਾ ਰੱਖਿਆ ਹੈ। ਪਿਛਲੇ ਦੋ ਤਿੰਨ ਹਫਤਿਆਂ ਤੋ ਕੋਵਿਡ ਕੇਸਾਂ ਵਿਚ ਅਚਾਨਕ ਵਾਧੇ ਕਾਰਣ ਪੂਰੇ ਮੁਲਕ ਦੀ ਸਿਹਤ ਪ੍ਰਣਾਲੀ ਬੇਬੱਸ ਹੋਈ ਪਈ ਹੈ। ਹਸਪਤਾਲਾਂ ਦੇ ਬਾਹਰ ਮਰੀਜ਼ਾਂ ਦੀਆਂ ਲੰਬੀਆਂ ਕਤਾਰਾਂ ਹਨ। ਹਸਪਤਾਲ ਵਿਚ ਬੈਡ ਨਹੀ ਹਨ। ਮਰੀਜ ਕਾਰਾਂ ਜਾਂ ਐਬੂਲੈਂਸ ਗੱਡੀਆਂ ਵਿਚ ਪਏ ਹਨ ਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਧਾਹਾਂ ਮਾਰ -ਮਾਰ ਮਦਦ ਦੀ ਗੁਹਾਰ ਲਗਾ ਰਹੇ ਹਨ। ਕਿਤੇ ਰੜੇ ਮੈਦਾਨ ਆਕਸੀਜਨ ਸੈਲੰਡਰ ਲਗਾਈ ਮਰੀਜ ਪਏ ਹਨ। ਹਸਪਤਾਲਾਂ ਵਿਚ ਆਕਸੀਜਨ ਦੀ ਘਾਟ ਕਾਰਣ ਸਮੂਹਿਕ ਰੂਪ ਵਿਚ ਮਰੀਜਾਂ ਦੇ ਦਮ ਤੋੜਨ ਦੀਆਂ ਖਬਰਾਂ ਹਨ। ਸ਼ਮਸ਼ਾਨ ਘਾਟਾਂ ਵਿਚ ਮ੍ਰਿਤਕਾਂ ਦੇ ਸਸਕਾਰ ਲਈ ਥਾਂ ਨਹੀ ਹੈ। ਸਿਵਿਆਂ ਤੋ ਬਾਹਰ ਸਿਵੇ ਬਲਦੇ ਦਿਖਾਈ ਦੇ ਰਹੇ ਹਨ। ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਉਪਰ ਰੂਹ ਨੂੰ ਕੰਬਾ ਦੇਣ ਵਾਲੀਆਂ ਸੈਕੜੇ ਵੀਡੀਓਜ਼ ਹਨ। ਜਿਹਨਾਂ ਵਿਚ ਇਕ ਪੱਤਰਕਾਰ ਵਲੋਂ ਹਸਪਤਾਲ ਤੋ ਇਕ ਬੈਡ ਵਾਸਤੇ ਲਿਲਕੜੀਆਂ ਲਈਆਂ ਜਾ ਰਹੀਆਂ ਹਨ। ਉਹ ਪੱਤਰਕਾਰ ਆਪਣੀ ਤਰਸਯੋਗ ਹਾਲਤ ਸੋਸ਼ਲ ਮੀਡੀਆ ਉਪਰ ਬਿਆਨ ਕਰਦਾ ਹੈ ਤੇ ਇਸ ਦੌਰਾਨ ਹੀ ਮੌਤ ਦੀ ਗੋਦ ਵਿਚ ਚਲਾ ਜਾਂਦਾ ਹੈ।

ਭਾਰਤ ਵਿਚ ਕਰੋਨਾਵਾਇਰਸ ਦੇ ਨਵੇ ਕੇਸਾਂ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਸ਼ੁੱਕਰਵਾਰ ਨੂੰ ਇਕ ਦਿਨ ਵਿਚ ਹੀ ਕਰੋਨਾ ਦੇ ਨਵੇ ਕੇਸਾਂ ਦਾ ਅੰਕੜਾ 330,000 ਪਾਰ ਕਰ ਗਿਆ। ਪਿਛਲੇ 24 ਘੰਟੇ ਵਿਚ ਹੀ ਢਾਈ ਹਜ਼ਾਰ ਦੇ ਕਰੀਬ ਮੌਤ ਦੇ ਮੂੰਹ ਜਾ ਪਏ ਹਨ। ਦਿੱਲੀ ਦੇ ਪ੍ਰਸਿੱਧ ਸਰ ਗੰਗਾ ਰਾਮ ਹਸਪਤਾਲ ਵਿਚ ਆਕਸੀਜਨ ਦੀ ਘਾਟ ਕਾਰਣ ਇਕੋ ਸਮੇ 25 ਮਰੀਜ ਦਮ ਤੋੜ ਗਏ। ਮੁੰਬਈ, ਜੈਪੁਰ ਤੇ ਅੰਮ੍ਰਿਤਸਰ ਤੋ ਵੀ ਅਜਿਹੀਆਂ ਹੀ ਦੁਖਦਾਈ ਤੇ ਦਿਲ ਦਹਿਲਾ ਦੇਣ ਵਾਲੀਆਂ ਖਬਰਾਂ ਹਨ।

ਸਰਕਾਰ ਵਲੋ ਸਿਹਤ ਵਿਭਾਗ ਨੂੰ ਐਮਰਜੈਸੀ ਹਾਲਾਤ ਸੰਭਾਲਣ ਲਈ ਵਿਸ਼ੇਸ਼ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ। ਆਕਸੀਜਨ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਦੇ ਬਿਆਨ ਦਿੱਤੇ ਜਾ ਰਹੇ ਹਨ। ਸਿੰਗਾਪੁਰ, ਜਰਮਨੀ ਤੇ ਕੁਝ ਹੋਰ ਥਾਵਾਂ ਤੋ ਆਕਸੀਜਨ ਦਰਾਮਦ ਕੀਤੇ ਜਾਣ ਦੀਆਂ ਖਬਰਾਂ ਹਨ ਪਰ ਇਸਦੇ ਬਾਵਜੂਦ ਸਥਿਤੀ ਸੰਭਲਦੀ ਨਜ਼ਰ ਨਹੀ ਆ ਰਹੀ।

ਉਹ ਸਰਕਾਰ ਜੋ ਦੋ ਮਹੀਨੇ ਪਹਿਲਾਂ ਕੋਵਿਡ ਮਹਾਂਮਾਰੀ ਉਪਰ ਕਾਬੂ ਪਾ ਲੈਣ ਅਤੇ ਪ੍ਰਧਾਨ ਮੰਤਰੀ ਵਲੋ ਦੁਨੀਆ ਨੂੰ ਨਵਾਂ ਰਾਹ ਦਿਖਾਉਣ ਦੇ ਦਮਗਜ਼ੇ ਮਾਰੇ ਜਾ ਰਹੇ ਸਨ। ਉਹ ਚਾਰ ਰਾਜਾਂ ਦੀਆਂ ਚੋਣਾਂ ਵਿਚ ਆਪਣੀ ਪਾਰਟੀ ਲਈ ਚੋਣ ਪ੍ਰਚਾਰ ਕਰਦੇ ਨਜ਼ਰ ਆ ਰਹੇ ਸਨ ਪਰ ਅਚਾਨਕ ਆਖਰੀ ਗੇੜ ਦੀਆਂ ਚੋਣ ਰੈਲੀਆਂ ਰੱਦ ਕਰ ਦਿੱਤੀਆਂ ਹਨ। ਚੋਣ ਕਮਿਸ਼ਨ ਨੇ ਵੀ ਪੱਛਮੀ ਬੰਗਾਲ ਵਿਚ ਚੋਣ ਰੈਲੀਆਂ ਅਤੇ ਰੋਡ ਸ਼ੋਅਜ਼ ਕਰਨ ਉਪਰ ਪਾਬੰਦੀ ਦੇ ਹੁਕਮ ਸੁਣਾਏ ਹਨ। ਪਰ ਕਰੋਨਾ ਦੇ ਫੈਲਾਅ ਕਾਰਣ ਹੁਣ ਤੱਕ ਜੋ ਨੁਕਸਾਨ ਹੋ ਚੁੱਕਾ ਹੈ, ਉਸਦੀ ਜਿੰਮੇਵਾਰੀ ਕੌਣ ਲਵੇਗਾ? ਪਹਿਲੀ ਅਪ੍ਰੈਲ ਨੂੰ ਕੁੰਭ ਮੇਲੇ ਵਿਚ 35 ਲੱਖ ਲੋਕਾਂ ਨੂੰ ਇਕੱਤਰ ਹੋਣ ਦੀ ਇਜਾਜ਼ਤ ਦਿੱਤੀ ਗਈ। ਗੰਗਾ ਵਿਚ ਡੁਬਕੀ ਲਗਾਉਂਦੇ ਧਰਮ ਗੁਰੂ ਕਰੋਨਾ ਦੇ ਗੰਗਾ ਵਿਚ ਬਹਿ ਜਾਣ ਦੇ ਪ੍ਰਵਚਨ ਕਰਦੇ ਰਹੇ। ਸਰਕਾਰੀ ਤੰਤਰ 27 ਮਾਰਚ ਤੋ 29 ਅਪ੍ਰੈਲ ਤੱਕ ਚਾਰ ਰਾਜਾਂ ਦੇ ਚੋਣ ਪ੍ਰਚਾਰ ਦੌਰਾਨ ਹਜ਼ਾਰਾਂ -ਲੱਖਾਂ ਲੋਕਾਂ ਦੇ ਇਕੱਠਾਂ ਦੀ ਪ੍ਰਵਾਨਗੀ ਦਿੰਦਾ ਰਿਹਾ। ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਮੱਥੇ ਤਿਲਕ ਲਗਾਕੇ ਚੋਣ ਰੈਲੀਆਂ ਵਿਚ 'ਜੈ ਸ੍ਰੀ ਰਾਮ' ਦੇ ਨਾਅਰੇ ਗੁਜਾਉਂਦੇ ਰਹੇ। ਮਾਨੋ ਸ੍ਰੀ ਰਾਮ ਨਾਮ ਨੇ ਕਰੋਨਾ ਮਹਾਂਮਾਰੀ ਦਾ ਅੰਤ ਕਰ ਦਿੱਤਾ ਹੋਵੇ ਤੇ ਉਹਨਾਂ ਨੂੰ ਰਾਜਭਾਗ ਵਧਾਉਣ ਦਾ ਅਸ਼ੀਰਦਵਾਦ।

ਦੇਸ਼ ਵਿਚ ਸਤੰਬਰ 2020 ਤੋ ਫਰਵਰੀ 2021 ਦੇ ਮੱਧ ਤੱਕ ਕਰੋਨਾ ਕੇਸਾਂ ਵਿਚ ਲਗਾਤਾਰ ਗਿਰਾਵਟ ਨੂੰ ਵੇਖਦਿਆਂ ਸਰਕਾਰੀ ਤੰਤਰ ਨੇ ਦੂਸਰੀ ਲਹਿਰ ਦੀ ਸੰਭਾਵਨਾ ਨੂੰ ਉਕਾ ਹੀ ਨਜ਼ਰ ਅੰਦਾਜ਼ ਕਰ ਦਿੱਤਾ ਸੀ। ਮਾਰਚ ਵਿਚ ਕਰੋਨਾ ਦੇ ਕੁਝ ਨਵੇ ਕੇਸਾਂ ਨੂੰ ਅਣਗੌਲਾ ਕਰਦਿਆਂ ਸਿਹਤ ਮੰਤਰੀ ਨੇ ਤਾਂ ਐਲਾਨ ਕਰ ਦਿੱਤਾ ਕਿ ਭਾਰਤ ਵਿਚ ਕਰੋਨਾ ਮਹਾਂਮਾਰੀ ਦਾ ਅੰਤ ਕੰਢੇ 'ਤੇ ਹੈ। ਦੇਸ਼ ਨੂੰ ਕਰੋਨਾ ਤੋ ਸੁਰੱਖਿਅਤ ਐਲਾਨਦਿਆਂ ਕਰੋਨਾ ਵੈਕਸੀਨ ਅਤੇ ਆਕਸੀਜਨ ਦੂਸਰੇ ਦੇਸਾਂ ਨੂੰ ਸਪਲਾਈ ਵਧਾਉਣ ਦਾ ਐਲਾਨ ਕਰਦਿਆਂ ਭਾਰਤ ਨੂੰ ਮਹਾਂਦਾਨੀ ਬਣਾਉਣ ਦਾ ਮਾਅਰਕਾ ਮਾਰ ਛੱਡਿਆ। ਟੋਰਾਂਟੋ ਵਿਚ ਕੁਝ ਮੋਦੀ ਸਮਰਥਕਾਂ ਨੇ ਭਾਰਤ ਵਲੋ ਕੈਨੇਡਾ ਨੂੰ ਐਸਟਰਾਜੈਨਕਾ ਵੈਕਸੀਨ ਸਪਲਾਈ ਕੀਤੇ ਜਾਣ ਦੀਆਂ ਖਬਰਾਂ 'ਤੇ ਸੜਕਾਂ ਉਪਰ ਮੋਦੀ ਦੀਆਂ ਤਸਵੀਰਾਂ ਵਾਲੇ ਧੰਨਵਾਦ ਬੋਰਡ ਵੀ ਚਿਪਕਾ ਦਿੱਤੇ ਸਨ। ਪਰ ਹੁਣ ਅਪ੍ਰੈਲ ਵਿਚ ਡਬਲ ਵੈਰੀਐਂਟ ਕੇਸਾਂ ਦੇ ਸਾਹਮਣੇ ਆਉਣ ਨਾਲ ਪਤਾ ਚੱਲਿਆ ਹੈ ਕਿ 'ਦਾਨੀ ਮੁਲਕ' ਕਿਸ ਭਿਆਨਕ ਖਤਰੇ ਦੇ ਰੂਬਰੂ ਹੈ। ਯੂਕੇ ਦੇ ਵੈਰੀਐਟ ਕੇਸਾਂ ਤੋ ਵੀ ਵਧੇਰੇ ਖਤਰਨਾਕ ਬੀ ਵੰਨ ਵੰਨ ਸੈਵਨ ਵੈਰੀਐਂਟ (ਬੀ 117) ਅਤੇ ਹੁਣ ਬੀ ਵੰਨ ਸਿਕਸ ਵੰਨ ਸੈਵਨ (ਬੀ 1617) ਮਿਊਟੇਸ਼ਨ ਕੇਸਾਂ ਦੀ ਮਹਾਰਾਸ਼ਟਰ ਵਿਚ ਪਛਾਣ ਕੀਤੀ ਗਈ ਹੈ। ਕਿਹਾ ਜਾਂਦਾ ਹੈ ਕਿ ਭਾਰਤ ਵਿਚ ਉਪਲੱਬਧ ਕੋਵੀਸ਼ੀਲਡ ਅਤੇ ਐਸਟਰਾਜੈਨਕਾ ਵੈਕਸੀਨ ਦਾ ਵੀ ਇਸ ਉਪਰ ਕੋਈ ਅਸਰ ਨਹੀ ਹੈ।

ਭਾਰਤੀ ਸਿਆਸਤਦਾਨਾਂ ਅਤੇ ਤੰਤਰ ਦੀ ਲਾਪ੍ਰਵਾਹੀ ਨੇ ਮੁਲਕ ਨੂੰ ਮੁੜ ਇਕ ਵੱਡੇ ਸੰਕਟ ਵਿਚ ਪਾ ਦਿੱਤਾ ਹੈ। ਕਰੋਨਾ ਦੇ ਇਲਾਜ ਲਈ ਘੰਟੀਆਂ ਤੇ ਥਾਲੀਆਂ ਵਜਾਉਣ ਦੇ ਸੱਦੇ ਦੇਣ ਵਾਲੇ ਆਗੂ ਮੁਲਕ ਨੂੰ ਮੁੜ ਲੌਕਡਾਊਨ ਵਾਲੇ ਹਾਲਾਤ ਵੱਲ ਧਕੇਲ ਰਹੇ ਹਨ। ਕੋਈ ਭਰੋਸਾ ਨਹੀ ਕਿ ਉਹ ਕਿਸਾਨ ਅੰਦੋਲਨ ਅਤੇ ਮੁਲਕ ਵਿਚ ਹੋਰ ਸਮੱਸਿਆਵਾਂ ਨਾਲ ਨਿਪਟਣ ਲਈ ਮੁੜ ਕੋਈ ਕੋਝੀ ਰਾਜਨੀਤਕ ਖੇਡ ਖੇਡ ਰਹੇ ਹੋਣ?

* ਕੈਨੇਡਾ ਸਰਕਾਰ ਦਾ ਫੈਸਲਾ-ਇਸ ਦੌਰਾਨ ਕੈਨੇਡਾ, ਯੂਕੇ, ਸਿੰਗਾਪੁਰ, ਦੁਬਈ ਤੇ ਕੁਝ ਹੋਰ ਮੁਲਕਾਂ ਨੇ ਭਾਰਤ ਅਤੇ ਪਾਕਿਸਤਾਨ ਨਾਲ ਹਵਾਈ ਸੰਪਰਕ ਮੁਲਤਵੀ ਕਰਨ ਦੇ ਫੈਸਲੇ ਕੀਤੇ ਹਨ। ਕੈਨੇਡਾ ਸਰਕਾਰ ਨੇ ਇਸ 22 ਅਪ੍ਰੈਲ ਤੋ 30 ਦਿਨਾਂ ਲਈ ਭਾਰਤੀ ਅਤੇ ਪਾਕਿਸਤਾਨ ਉਡਾਣਾਂ ਉਪਰ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਅਜਿਹਾ ਭਾਰਤ ਵਿਚ ਕੋਵਿਡ ਦੇ ਡਬਲ ਵੈਰੀਐਂਟ ਕੇਸਾਂ ਦੀ ਪਛਾਣ ਹੋਣ ਉਪਰੰਤ ਕੀਤਾ ਗਿਆ ਹੈ। ਕੈਨੇਡਾ ਸਰਕਾਰ ਨੇ ਭਾਰਤ ਤੋ ਸਿੱਧੀਆਂ ਉਡਾਣਾਂ ਆਉਣ ਉਪਰ ਪਾਬੰਦੀ ਲਗਾਈ ਹੈ ਪਰ ਸਮਝਿਆ ਜਾਂਦਾ ਹੈ ਕਿ ਕੁਝ ਲੋਕ ਟਰਾਂਜਿਟ ਨਿਯਮਾਂ ਦਾ ਫਾਇਦਾ ਉਠਾਉਂਦਿਆਂ ਚੋਰ ਮੋਰੀਆਂ ਰਾਹੀਂ ਕੈਨੇਡਾ ਵਿਚ ਦਾਖਲ ਹੋਣ ਦਾ ਯਤਨ ਕਰ ਸਕਦੇ ਹਨ। ਇਸ ਦੌਰਾਨ ਭਾਰਤ ਵਿਚ ਫਸੇ ਕੁਝ ਕੈਨੇਡੀਅਨ ਨਾਗਰਿਕਾਂ ਦੀ ਵਾਪਸੀ ਦੀ ਵੀ ਚਿੰਤਾ ਕੀਤੀ ਜਾ ਰਹੀ ਹੈ। ਉਹਨਾਂ ਦੀ ਵਾਪਸੀ ਲਈ ਸਰਕਾਰ ਨੇ ਕਿਸੇ ਰਾਹਤ ਜਾਂ ਛੋਟ ਦਾ ਕੋਈ ਜ਼ਿਕਰ ਨਹੀ ਕੀਤਾ। ਮਈ ਸੈਸ਼ਨ ਵਿਚ ਭਾਰਤ ਤੋ ਆਉਣ ਵਾਲੇ ਹਜ਼ਾਰਾਂ ਕੌਮਾਂਤਰੀ ਵਿਦਿਆਰਥੀ ਵੀ ਫਸੇ ਨਜ਼ਰ ਆ ਰਹੇ ਹਨ।

ਕੈਨੇਡਾ ਅਤੇ ਕੁਝ ਹੋਰ ਵਿਕਸਿਤ ਮੁਲਕਾਂ ਵਲੋ ਭਾਰਤ ਅਤੇ ਪਾਕਿਸਤਾਨ ਤੋ ਕੋਵਿਡ ਪ੍ਰਭਾਵਿਤ ਫਲਾਈਟਾਂ ਨੂੰ ਰੋਕੇ ਜਾਣ ਲਈ ਉਠਾਏ ਗਏ ਇਸ ਸਖਤ ਕਦਮ ਦਾ ਆਮ ਨਾਗਰਿਕਾਂ ਨੇ ਸਵਾਗਤ ਕੀਤਾ ਹੈ। ਪਰ ਇਸਦੇ ਨਾਲ ਹੀ ਭਾਰਤ ਦੇ ਕੋਵਿਡ ਨਾਲ ਨਿਪਟਣ ਅਤੇ ਕੋਵਿਡ ਦੀ ਸਥਿਤੀ ਨਾਲ ਰਾਜਸੀ ਤਿਕੜਮਬਾਜ਼ੀਆਂ ਨੇ ਭਾਰਤੀ ਤੰਤਰ ਦਾ ਪੂਰੀ ਦੁਨੀਆ ਵਿਚ ਮਜ਼ਾਕ ਵੀ ਬਣਾ ਛੱਡਿਆ ਹੈ। ਕੌਮਾਂਤਰੀ ਏਅਰਪੋਰਟਾਂ ਉਪਰ ਭਾਰਤੀ ਯਾਤਰੀਆਂ ਦੀਆਂ ਕੋਵਿਡ ਨੈਗੇਟਿਵ ਰਿਪੋਰਟਾਂ ਦੀ ਜਾਅਲਸਾਜ਼ੀ ਦਾ ਬੇਪਰਦ ਹੋਣਾ ਵੀ ਗੰਭੀਰ ਮੁੱਦਾ ਹੈ। ਅਜਿਹੀ ਸਥਿਤੀ ਵਿਚ ਕੌਮਾਂਤਰੀ ਭਾਈਚਾਰੇ ਦੇ ਮਨਾਂ ਵਿਚ ਇਹਨਾਂ ਸ਼ੰਕਿਆਂ ਦਾ ਉਤਪੰਨ ਹੋਣਾ ਲਾਜ਼ਮੀ ਹੈ ਕਿ ਭਾਰਤ ਸਰਕਾਰ ਅਤੇ ਲੋਕ ਕਰੋਨਾ ਮਹਾਂਮਾਰੀ ਨਾਲ ਨਿਪਟਣ ਲਈ ਕਿੰਨੇ ਕੁ ਸੰਜੀਦਾ ਹਨ?



WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
- Criminal Law
- Divorce Cases
- Immigration Law
- Notary Services
Your Lawyers, Because We Care
Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਸਿੱਧੂ ਤੋਂ ਬਾਅਦ ਪਰਗਟ ਸਿੰਘ ਨੇ ਵੀ ਕੈਪਟਨ ਦੀ ਕਾਰਗੁਜ਼ਾਰੀ ’ਤੇ ਚੁੱਕੇ ਸਵਾਲ

ਚੰਡੀਗੜ੍ਹ: ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਮੁਲਾਕਾਤ ਕਰਨ ਤੋਂ ਬਾਅਦ ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਨੇ ਈਟੀਵੀ ਭਾਰਤ ਨਾਲ ਖਾਸ ਗੱਲਬਾਤ ਕੀਤੀ। ਇਸ ਦੌਰਾਨ ਪਰਗਟ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੋ ਹਜਾਰ ਦੋ ਤੇ ਦੋ ਹਜਾਰ ਸੱਤ ਵਾਲੀ ਸਰਕਾਰ ਸਮੇਂ ਵਰਗਾ ਕੰਮ ਨਹੀਂ ਕਰ ਰਹੇ ਹਨ ਅਤੇ ਨਾ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਧਾਇਕਾਂ ਦੀ ਗੱਲਾਂ ਉੱਪਰ ਗੌਰ ਕਰਦੇ ਹਨ। ਕਿਉਂਕਿ ਉਨ੍ਹਾਂ ਵੱਲੋਂ ਦੋ ਹਜਾਰ ਉਨੀ ਵਿਚ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੂਬੇ ਵਿੱਚ ਚੱਲ ਰਹੇ ਮਾਈਨਿੰਗ ਮਾਫੀਆ ਸਣੇ ਤਮਾਮ ਮੁੱਦਿਆਂ ਨੂੰ ਲੈ ਕੇ ਚਿੱਠੀ ਲਿਖੀ ਗਈ ਸੀ ਤਾਂ ਉਸ ਤੋਂ ਬਾਅਦ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਉਨ੍ਹਾਂ ਨਾਲ ਕੋਈ ਸਹੀ ਤਰੀਕੇ ਨਾਲ ਗੱਲਬਾਤ ਨਹੀਂ ਕੀਤੀ। ਉੱਥੇ ਹੀ ਹੁਣ ਬੇਅਦਬੀਆਂ ਦਾ ਮੁੱਦਾ ਮੁੜ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਖਣ ਲੱਗ ਪਿਆ ਤਾਂ ਲੋਕ ਵੀ ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਮੰਗ ਕਰ ਰਹੇ ਹਨ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿੱਚ ਬੇਅਦਬੀਆਂ ਜਿੱਥੇ ਹੋਇਆ ਤਾਂ ਲੋਕਾਂ ਨੂੰ ਉਮੀਦ ਸੀ ਕਿ ਕਾਂਗਰਸ ਦੇ ਰਾਜ ਵਿਚ ਉਨ੍ਹਾਂ ਨੂੰ ਇਨਸਾਫ ਮਿਲੇਗਾ ਲੇਕਿਨ ਹੁਣ ਤੱਕ ਦੋਸ਼ੀਆਂ ਨੂੰ ਪਕੜਿਆ ਤੱਕ ਨਹੀਂ ਗਿਆ ਮੁੱਖ ਮੰਤਰੀ ਕੈਪਟਨ ਦੀ ਕਾਰਗੁਜ਼ਾਰੀ ਤੇ ਪਰਗਟ ਸਿੰਘ ਨੇ ਚੁੱਕੇ ਸਵਾਲ ਪਰਗਟ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮਨਸ਼ਾ ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਹੋਣ ਕਾਰਨ



ਲੋਕਾਂ ਵਿਚ ਇਹ ਚਰਚਾ ਛਿੜੀ ਹੋਈ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਆਪਸ ਵਿੱਚ ਮਿਲੇ ਹੋਏ ਹਨ ਅਤੇ ਦੋ ਹਜਾਰ ਬਾਈ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਵੀ ਅਕਾਲੀ ਦਲ ਵਰਗਾ ਨਤੀਜਾ ਭੁਗਤਣਾ ਪੈ ਸਕਦਾ ਹੈ ਜੇਕਰ ਸਮੇਂ ਸਿਰ ਰਹਿੰਦੀਆਂ ਗਲਤੀਆਂ ਨਾ ਸੁਧਾਰੀਆਂ ਗਈਆਂ ਇਸ ਦੌਰਾਨ ਈਟੀਵੀ ਭਾਰਤ ਵੱਲੋਂ ਸਵਾਲ ਇਹ ਵੀ ਕੀਤਾ ਗਿਆ ਸੀ ਕਿ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਅਸਤੀਫ਼ਾ ਇਸੀ ਕਾਰਨ ਦਿੱਤਾ ਗਿਆ ਕਿ ਉਨ੍ਹਾਂ ਦੀ ਸੀਟ ਪੰਥਕ ਸੀਟ ਹੈ ਤਾਂ ਪਰਗਟ ਸਿੰਘ ਨੇ ਕਿਹਾ ਕਿ ਸੀਟ ਭਾਵੇਂ ਪੰਥਕ ਹੋਵੇ ਜਾਨਾ ਲੇਕਿਨ ਲੋਕਾਂ ਨਾਲ ਕੀਤੇ ਵਾਅਦੇ ਅਤੇ ਸੂਬੇ ਵਿੱਚ ਜੋ ਹਾਲਾਤ ਬਣੇ ਹਨ ਉਨ੍ਹਾਂ ਨੂੰ ਦਰੁਸਤ ਕਰਨਾ ਮੁੱਖ ਮੰਤਰੀ ਕੈਪਟਨ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਹ ਇੱਕ ਸੂਬੇ ਦੇ ਮੁਖੀ ਹਨ। ਇਸ ਦੌਰਾਨ ਪਰਗਟ ਸਿੰਘ ਨੇ ਇਹ ਵੀ ਕਿਹਾ ਕਿ ਲੀਗਲ ਟੀਮ ਦੇ ਵਿੱਚ ਬਦਲਾਅ ਕਰਨੇ ਹਨ ਜਾਂ ਨਹੀਂ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਫ਼ੈਸਲਾ ਹੈ ਲੇਕਿਨ ਚੰਗੇ ਵਕੀਲ ਅਤੇ ਟੀਮ ਨਾ ਹੋਣ ਕਾਰਨ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿੱਚ ਦੋਸ਼ੀਆਂ ਨੂੰ ਪਕੜਿਆ ਤੱਕ ਨਹੀਂ ਗਿਆ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਰਿਪੋਰਟ ਰੱਦ ਹੋਣ ਤੋਂ ਬਾਅਦ ਅਕਾਲੀ ਦਲ ਜਸ਼ਨ ਮਨਾ ਰਿਹਾ ਲੇਕਿਨ ਇਹ ਜਸ਼ਨ ਅਕਾਲੀ ਦਲ ਜ਼ਿਆਦਾ ਸਮਾਂ ਨਾ ਬਣਾਵੇ ਤਾਂ ਉੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੱਜ ਬੈਠਕ ਦੌਰਾਨ ਪਰਗਟ ਸਿੰਘ ਨੇ ਆਪਣੇ ਵਿਚਾਰ ਵੀ ਦੇਂਦੇ ਹੋਏ ਕਿਹਾ ਹੈ ਕਿ ਜੇਕਰ ਲੋਕਾਂ ਨੂੰ ਇਨਸਾਫ ਨਾ ਦਿੱਤਾ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਜੋ ਇਕ ਇਮੇਜ ਬਣੀ ਹੋਈ ਹੈ ਉਹ ਖ਼ਤਮ ਹੋ ਜਾਵੇਗੀ।

## ਕੈਨੇਡਾ ਤੇ ਨਿਊਜ਼ੀਲੈਂਡ ਵੱਲੋਂ ਮਾਲੀ ਮਦਦ ਦਾ ਐਲਾਨ

ਓਟਾਵਾ/ਵਲਿੰਗਟਨ-ਭਾਰਤ ’ਚ ਕਰੋਨਾ ਮਹਾਮਾਰੀ ਦੀ ਬੇਕਾਬੂ ਦੂਜੀ ਲਹਿਰ ਨੂੰ ਦੇਖਦਿਆਂ ਕੈਨੇਡਾ ਅਤੇ ਨਿਊਜ਼ੀਲੈਂਡ ਨੇ ਮਾਲੀ ਸਹਾਇਤਾ ਦਾ ਐਲਾਨ ਕੀਤਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਮੁਲਕ ਵੱਲੋਂ ਭਾਰਤ ਨੂੰ ਕਰੋਨਾ ਖ਼ਿਲਾਫ਼ ਜੰਗ ਲਈ ਇਕ ਕਰੋੜ ਡਾਲਰ ਦੀ ਸਹਾਇਤਾ ਦਿੱਤੀ ਜਾਵੇਗੀ। ਨਿਊਜ਼ੀਲੈਂਡ ਦੀ ਵਿਦੇਸ਼ ਮੰਤਰੀ ਐੱਨ ਮਹੁਤਾ ਨੇ ਭਾਰਤ ਦੀ ਸਹਾਇਤਾ ਲਈ ਰੈੱਡਕ੍ਰਾਸ ਨੂੰ 10 ਲੱਖ ਨਿਊਜ਼ੀਲੈਂਡ ਡਾਲਰ (ਕਰੀਬ 7,20,365 ਅਮਰੀਕੀ ਡਾਲਰ) ਦੇਣ ਦਾ ਐਲਾਨ ਕੀਤਾ ਹੈ। ਟਰੂਡੋ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਨੇਡਾ ਦੇ ਵਿਦੇਸ਼ ਮੰਤਰੀ ਮਾਰਗ ਗਾਰਨਿਊ ਨੇ ਆਪਣੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਨਾਲ ਗੱਲਬਾਤ ਕਰਕੇ ਸਹਾਇਤਾ ਬਾਰੇ ਪੁੱਛਿਆ ਸੀ। ਉਨ੍ਹਾਂ ਕਿਹਾ, “ਅਸੀਂ ਕੈਨੇਡੀਅਨ ਰੈੱਡਕ੍ਰਾਸ ਰਾਹੀਂ ਭਾਰਤੀ ਰੈੱਡਕ੍ਰਾਸ ਨੂੰ ਇਕ ਕਰੋੜ ਡਾਲਰ ਦੇਣ ਲਈ ਤਿਆਰ ਹਾਂ। ਇਸ ਨਾਲ ਭਾਰਤ ਨੂੰ ਐਂਬੂਲੈਂਸ ਸੇਵਾਵਾਂ ਅਤੇ ਪੀਪੀਈ ਕਿੱਟ ਆਦਿ ਖ਼ਰੀਦਣ ਦੀ ਸੌਖ ਹੋਵੇਗੀ।” ਵਿਦੇਸ਼ ਮੰਤਰੀਆਂ ਵਿਚਕਾਰ ਹੋਈ ਗੱਲਬਾਤ ਬਾਰੇ ਉਨ੍ਹਾਂ ਕਿਹਾ ਕਿ ਭਾਰਤ ਨੂੰ ਔਖ ਦੀ ਘੜੀ ’ਚ ਕੈਨੇਡਾ ਹਰ ਤਰ੍ਹਾਂ ਦੀ ਸਹਾਇਤਾ ਕਰਨ ਲਈ ਤਿਆਰ ਹੈ। ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਰੈੱਡਕ੍ਰਾਸ ਵੱਲੋਂ ਭਾਰਤੀ ਰੈੱਡਕ੍ਰਾਸ ਸੁਸਾਇਟੀ ਨਾਲ ਮਿਲ ਕੇ ਪਹਿਲਾਂ ਹੀ ਆਕਸੀਜਨ ਸਿਲੰਡਰ, ਕੰਸਨਟਰੇਟਰ ਅਤੇ ਹੋਰ ਮੈਡੀਕਲ ਸਪਲਾਈ ਮੁਹੱਈਆ ਕਰਵਾਈ ਜਾ ਰਹੀ ਹੈ।

## ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਸਿਹਤਯਾਬ ਹੋਏ

ਨਵੀਂ ਦਿੱਲੀ-ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕਰੋਨਾ ਤੋਂ ਠੀਕ ਹੋ ਗਏ ਹਨ ਤੇ ਉਨ੍ਹਾਂ ਨੂੰ ਅੱਜ ਇਥੇ ਏਮਜ਼ ਵਿੱਚੋਂ ਛੁੱਟੀ ਮਿਲ ਗਈ। 19 ਅਪਰੈਲ ਨੂੰ 88 ਸਾਲਾ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਹਲਕਾ ਬੁਖਾਰ ਹੋਣ ਬਾਅਦ ਜਾਂਚ ਕਰਨ ’ਤੇ ਉਨ੍ਹਾਂ ਨੂੰ ਕਰੋਨਾ ਹੋਣ ਦੀ ਪੁਸ਼ਟੀ ਹੋਈ ਸੀ। ਸਾਬਕਾ ਪ੍ਰਧਾਨ ਮੰਤਰੀ ਨੇ 4 ਮਾਰਚ ਅਤੇ 3 ਅਪਰੈਲ ਨੂੰ ਕਰੋਨਾ ਰੋਕੂ ਟੀਕੇ ਵੀ ਲਗਵਾਏ ਹੋਏ ਹਨ।

## ਪ੍ਰੋ. ਅਰਵਿੰਦ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵੀ ਸੀ ਵਜੋਂ ਅਹੁਦਾ ਸੰਭਾਲਿਆ

ਪਟਿਆਲਾ-ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਵ-ਨਿਯੁਕਤ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਯੂਨੀਵਰਸਿਟੀ ਵਿੱਚ ਆਪਣਾ ਕਾਰਜਭਾਰ ਸੰਭਾਲ ਲਿਆ ਗਿਆ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਨਗੇ ਅਤੇ ਇਸ ਮਕਸਦ ਲਈ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੂੰ 21ਵੀਂ ਸਦੀ ਦੇ ਨਵੇਂ ਗਲੋਬਲੀ ਅਕਾਦਮਿਕ ਰੁਝਾਨਾਂ ਅਨੁਸਾਰ ਢਾਲਦਿਆਂ ਉਹ ਕੁਝ ਨਵੀਂ ਤਰਜ਼ ਦੇ ਕੋਰਸ ਵੀ ਸ਼ੁਰੂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇ ਅਸੀਂ ਆਪਣੀ ਮਾਂ ਬੋਲੀ ’ਤੇ ਮਾਣ ਮਹਿਸੂਸ ਨਹੀਂ ਕਰਦੇ ਤਾਂ ਕਿਸੇ ਵੀ ਹਾਲਤ ਵਿੱਚ ਵਿਕਾਸ ਨਹੀਂ ਕਰ ਸਕਦੇ। ਉਨ੍ਹਾਂ ਦੱਸਿਆ ਕਿ ਪੰਜਾਬੀ ਭਾਸ਼ਾ ਨੂੰ ਵਿਗਿਆਨ ਅਤੇ ਇੰਜਨੀਅਰਿੰਗ ਆਦਿ ਸਮੇਤ ਸਾਰੇ ਵਿਸ਼ਿਆਂ ਲਈ ਸਮਰੱਥ ਮਾਧਿਅਮ ਭਾਸ਼ਾ ਬਣਾਉਣ ਹਿੱਤ ਇਸ ਦੇ ਤਕਨੀਕੀ ਪੱਖ ਨੂੰ ਹੋਰ ਮਜ਼ਬੂਤ ਕਰਨ ਲਈ ਉਹ ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰੇ ਪ੍ਰਾਜੈਕਟ ਉਲੀਕਣਗੇ।

## ਫਾਈਜ਼ਰ ਕੰਪਨੀ ਵਲੋਂ ਹੁਣ ਕੋਵਿਡ-19 ਦੇ ਇਲਾਜ...

[ਸਫ਼ਾ 1 ਦੀ ਬਾਕੀ]

ਵਿਚ ਹੈ ਅੰਦਰ ਇਹ ਸ਼ਾਨਦਾਰ ਪ੍ਰਯੋਗ ਚਲ ਰਿਹਾ ਹੈ। ਕੋਵਿਡ-19 ਰੋਕਣ ਲਈ ਵਿਸ਼ੇਸ਼ ਰੂਪ ਵਿਚ ਤਿਆਰ ਕੀਤੀ ਗੋਲੀ 18 ਤੋਂ 60 ਸਾਲ ਵਿਚਕਾਰ ਉਮਰ ਦੇ ਸਾਰੇ ਤੰਦਰੁਸਤ ਬਾਲਗਾਂ ਨੂੰ ਦਿੱਤੀ ਜਾ ਰਹੀ ਹੈ। ਜੇਕਰ ਇਹ ਟਰਾਇਲ ਸਫਲ ਰਹਿੰਦਾ ਹੈ ਤਾਂ ਕੋਵਿਡ -19 ਦਾ ਘਰ ਰਹਿ ਕੇ ਵੀ ਇਲਾਜ ਕੀਤਾ ਜਾ ਸਕਦਾ ਹੈ ਅਤੇ ਇਹ ਇਸ ਸਾਲ ਦੇ ਅਖੀਰ ਵਿਚ ਉਪਲਬਧ ਹੋ ਜਾਵੇਗੀ। ਯੂਕੇ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਜਿਨ੍ਹਾਂ ਪਿਛਲੇ ਹਫ਼ਤੇ ਐਂਟੀਵਾਇਰਸ ਟਾਸਕਫੋਰਸ ਬਣਾਉਣ ਦਾ ਐਲਾਨ ਕੀਤਾ ਸੀ ਇਸ ਤਰ੍ਹਾਂ ਦੇ ਉਤਪਾਦਾਂ ’ਤੇ ਵਿਸ਼ੇਸ਼ ਰੂਪ ਵਿਚ ਨਿਵੇਸ਼ ਕਰਨਗੇ।

## ਓਨਟਾਰੀਓ ਵਲੋਂ ਬਿਮਾਰੀ ਦੀ ਕਮਾਈ....

[ਸਫ਼ਾ 1 ਦੀ ਬਾਕੀ]

ਦਿਨ ਦੇ 200 ਡਾਲਰ ਅਦਾ ਕਰਨਗੇ। ਇਹ ਪ੍ਰੋਗਰਾਮ 19 ਅਪ੍ਰੈਲ ਤੋਂ 25 ਸਤੰਬਰ ਤਕ ਲਾਗੂ ਰਹੇਗਾ। ਮੰਤਰੀ ਮੈਕਨੌਘਟਨ ਨੇ ਕਿਹਾ ਕਿ ਪ੍ਰੋਗਰਾਮ ਤਹਿਤ ਕਾਮਿਆਂ ਨੂੰ ਕੋਈ ਫਾਰਮ ਭਰਨ ਜਾਂ ਅਰਜ਼ੀਆਂ ਦੇਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਇਸ ਦੀ ਬਜਾਏ ਮਾਲਕ ਮੁਲਾਜ਼ਮਾਂ ਨੂੰ ਜੇਬ ਵਿਚੋਂ ਪੈਸੇ ਦੇਣਗੇ ਅਤੇ ਉਨ੍ਹਾਂ ਨੂੰ ਇਹ ਪੈਸੇ ਸੂਬਾ ਸਰਕਾਰ ਵਾਪਸ ਕਰੇਗੀ। ਇਸ ਦਾ ਕਹਿਣਾ ਕਿ ਉਹ ਲਗਾਤਾਰ ਫੈਡਰਲ ਅਧਿਕਾਰਤ ਕੈਨੇਡਾ ਰਿਕਵਰੀ ਸਿਕਨਸ ਬੈਨੀਫਿਟ (ਸੀਆਰਐਸਬੀ) ਦੀਆਂ ਅਦਾਇਗੀਆਂ ਦੁੱਗਣੀਆਂ 500 ਡਾਲਰ ਤੋਂ ਵਧਾ ਕੇ 1000 ਡਾਲਰ ਕਰਨ ਲਈ ਓਟਵਾ ਨਾਲ ਲਗਾਤਾਰ ਕੰਮ ਕਰ ਰਹੀ ਹੈ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਜੇ ਇਸ ਲਈ ਸਹਿਮਤ ਨਹੀਂ ਹੋਏ।

## ਭਾਰਤ ਵਿਚ ਕੋਰੋਨਾ ਮਹਾਂਮਾਰੀ ਦਾ ਕਹਿਰ

[ਸਫ਼ਾ 3 ਦੀ ਬਾਕੀ]

ਗ੍ਰਸਤ ਹਨ, ਨੂੰ ਸਬੰਧਤ ਮੈਡੀਕਲ ਅਧਿਕਾਰੀ ਦੇ ਢੁਕਵੇਂ ਮੁਲਾਂਕਣ ਮਗਰੋਂ ਹੀ ਘਰ ਵਿੱਚ ਇਕਾਂਤਵਾਸ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ। ਆਕਸੀਜਨ ਦਾ ਪੱਧਰ ਘਟਣ ਜਾਂ ਸਾਹ ਲੈਣ ਵਿੱਚ ਤਕਲੀਫ਼ ਦੀ ਸੂਰਤ ਵਿੱਚ ਸਬੰਧਤ ਵਿਅਕਤੀ ਨੂੰ ਹਸਪਤਾਲ ਵਿੱਚ ਦਾਖ਼ਲ ਕਰਨਾ ਹੋਵੇਗਾ। ਨਵੇਂ ਦਿਸ਼ਾ ਨਿਰਦੇਸ਼ਾਂ ਵਿੱਚ ਮਰੀਜ਼ਾਂ ਨੂੰ ਦਿਨ ਵਿੱਚ ਦੋ ਵਾਰ ਕੋਸੇ ਪਾਣੀ ਨਾਲ ਗਰਾਰੇ ਜਾਂ ਭਾਫ਼ ਲੈਣ ਲੈਣ ਲਈ ਕਿਹਾ ਗਿਆ ਹੈ। ਜੇ ਕਿਸੇ ਵਿਅਕਤੀ ਦਾ ਪੈਰਾਸਿਟਾਮੋਲ 650ਐੱਮਜੀ ਦੀਆਂ ਦਿਨ ’ਚ ਵੱਧ ਤੋਂ ਵੱਧ ਚਾਰ ਖ਼ੁਰਾਕਾਂ ਨਾਲ ਬੁਖਾਰ ਕੰਟਰੋਲ ਨਹੀਂ ਹੁੰਦਾ ਤਾਂ ਡਾਕਟਰ ਦੇ ਸਲਾਹ ਮਸ਼ਵਰੇ ਨਾਲ ਨਾਨ ਸਟੀਰੌਇਡ ਐਂਟੀ ਇਨਫਲੈਮੇਟਰੀ ਡਰੱਗ ਜਿਵੇਂ ਕਿ ਨੈਪਰੋਕਸਨ 250ਮਿਲੀਗ੍ਰਾਮ ਦਿਨ ’ਚ ਦੋ ਵਾਰ ਦਿੱਤੀ ਜਾ ਸਕਦੀ ਹੈ।








# ਅਪ੍ਰੈਲ ਮਹੀਨੇ ਦੌਰਾਨ ਸਰੀ 'ਚ ਓਵਰਡੋਜ਼ ਕਾਰਨ 20 ਬੰਦਿਆਂ ਦੀ ਮੌਤ

ਸਰੀ (ਹਰਦਮ ਮਾਨ)-ਸਰੀ ਵਿਚ ਪਿਛਲੇ ਇਕ ਹਫਤੇ ਦੌਰਾਨ ਜ਼ਹਿਰੀਲੇ ਡਰੱਗਸ ਕਾਰਨ 6 ਮੌਤਾਂ ਹੋ ਜਾਣ ਤੇ ਚਿੰਤਾ ਪ੍ਰਗਟ ਕਰਦਿਆਂ ਸਰੀ ਆਰ ਸੀ ਐਮ ਪੀ। ਨੇ ਡਰੱਗਸ ਦੇ ਆਦੀ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਕੋਈ ਵੀ ਡਰੱਗਸ ਇਕੱਲਿਆਂ ਨਾ ਲਈ ਜਾਵੇ ਸਗੋਂ ਕਿਸੇ ਦੀ ਮੌਜੂਦਗੀ ਵਿਚ ਹੀ ਇਸ ਦੀ ਵਰਤੋਂ ਕੀਤੀ ਜਾਵੇ। ਸਰੀ ਆਰ ਸੀ ਐਮ ਪੀ ਅਨੁਸਾਰ ਅਪ੍ਰੈਲ 21 ਤੋਂ 27 ਅਪ੍ਰੈਲ ਦਰਮਿਆਨ ਸਰੀ ਵਿਚ 6 ਮੌਤਾਂ ਹੋ ਚੁੱਕੀਆਂ ਹਨ ਅਤੇ ਇਹ ਮੰਨਿਆਂ ਜਾ ਰਿਹਾ ਹੈ ਕਿ ਇਨ੍ਹਾਂ ਮੌਤਾਂ ਦਾ ਕਾਰਨ ਜ਼ਹਿਰੀਲੇ ਡਰੱਗਸ ਦਾ ਸੇਵਨ ਕਰਨਾ ਹੈ। ਫਿਲਹਾਲ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਮੌਤਾਂ ਦਾ ਕਾਰਨ ਇੱਕੋ ਜਗ੍ਹਾ ਤੋਂ ਲਈਆਂ ਗਈਆਂ ਡਰੱਗਸ ਸਨ ਜਾਂ ਨਹੀਂ। ਜ਼ਿਕਰਯੋਗ ਹੈ ਕਿ ਡਰੱਗਸ ਕਾਰਨ ਮਰਨ ਵਾਲੇ 6 ਵਿੱਚੋਂ 5 ਵਿਅਕਤੀ ਆਪਣੀ ਪ੍ਰਾਈਵੇਟ ਰਿਹਾਇਸ਼ ਵਿਚ ਮ੍ਰਿਤਕ ਮਿਲੇ ਸਨ। ਪੁਲਿਸ ਵੱਲੋਂ ਜਾਰੀ ਕੀਤੀ ਜਾਣਕਾਰੀ ਅਨੁਸਾਰ ਸਿਰਫ ਅਪ੍ਰੈਲ ਮਹੀਨੇ ਦੌਰਾਨ ਹੀ ਸਰੀ ਵਿਚ 20 ਬੰਦੇ ਓਵਰਡੋਜ਼ ਕਾਰਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ ਅਤੇ ਸਾਲ 2021 ਦੇ ਪਹਿਲੇ ਚਾਰ ਮਹੀਨਿਆਂ ਵਿਚ ਹੀ ਸਰੀ ਵਿਚ ਓਵਰਡੋਜ਼ ਕਾਰਨ 70 ਮੌਤਾਂ ਹੋ ਚੁੱਕੀਆਂ ਹਨ।

# ਭਾਰਤੀ ਆਯੁਰਵੈਦ ਸਰਵਸ੍ਰੇਸ਼ਟ ਇਲਾਜ ਪੱਧਤੀ ਹੈ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਆਯੁਰਵੈਦਿਕ ਇਲਾਜ ਪ੍ਰਣਾਲੀ ਨੂੰ ਅਪਣਾਉਣ ਦੀ ਸਲਾਹ ਦਿੰਦਿਆਂ ਕਿਹਾ ਹੈ ਕਿ ਆਯੁਰਵੈਦ ਕਿਸੇ ਵੀ ਸਰੀਰਕ ਬੀਮਾਰੀ ਦੇ ਇਲਾਜ ਲਈ ਸਰਵਸ੍ਰੇਸ਼ਟ ਪੱਧਤੀ ਵੀ ਹੈ। ਇਸ ਨੂੰ ਸਿਰਫ ਭਾਰਤ ਦੇ ਲੋਕ ਹੀ ਨਹੀਂ ਸਗੋਂ ਅੱਜ ਅਮਰੀਕਾ, ਇੰਗਲੈਂਡ, ਯੂਰਪ ਦੇ ਵੱਡੇ ਅਤੇ ਅਮੀਰ ਦੇਸ਼ ਵੀ ਅਪਣਾ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਜਦੋਂ ਕਦੇ ਵੀ ਸਾਨੂੰ ਦਵਾਈਆਂ ਵਰਤਣ ਦੀ ਲੋੜ ਪਵੇ ਤਾਂ ਸਭ ਤੋਂ ਪਹਿਲਾਂ ਆਯੁਰਵੈਦਿਕ ਇਲਾਜ ਨੂੰ ਹੀ ਅਪਣਾਉਣਾ ਚਾਹੀਦਾ ਹੈ। ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਦੀਆਂ ਕਈ ਆਯੁਰਵੈਦਿਕ ਔਸ਼ਧੀਆਂ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਅਸੀਂ ਵੱਡੀ ਤੋਂ ਵੱਡੀ ਬੀਮਾਰੀ ਤੋਂ ਵੀ ਛੁਟਕਾਰਾ ਪਾ ਸਕਦੇ ਹਾਂ। ਸਭ ਤੋਂ ਵੱਡੀ ਗੱਲ ਕਿ ਇਸ ਇਲਾਜ ਦਾ ਕੋਈ ਸਾਈਡ ਇਫੈਕਟ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਰੋਗ ਹੋਵੇ ਪਹਿਲ ਆਯੁਰਵੈਦ ਨੂੰ ਦੇਣੀ ਚਾਹੀਦੀ ਹੈ। ਉਸ ਤੋਂ ਬਾਅਦ ਹੀ ਹੋਮਿਓਪੈਥੀ ਜਾਂ ਕਿਸੇ ਹੋਰ ਪੱਧਤੀ ਦੀ ਲੋੜ ਅਨੁਸਾਰ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਚੀਨ ਦੀ ਇਕ ਤੂ (ਠੂ) ਨਾਮੀ ਔਰਤ ਦੀ ਉਦਾਹਰਣ ਦਿੰਦਿਆਂ ਕਿਹਾ ਕਿ



ਉਸ ਔਰਤ ਨੇ ਇਕ ਜੜੀ-ਬੂਟੀ ਤੋਂ ਬਣੀ ਔਸ਼ਧੀ ਦੀ ਖੋਜ ਕੀਤੀ, ਜਿਸ ਨਾਲ ਮਲੇਰੀਏ ਦਾ ਇਲਾਜ ਸੰਭਵ ਹੋਇਆ। ਇਸ ਖੋਜ ਲਈ ਉਸ ਨੂੰ 'ਨੋਬਲ ਪੁਰਸਕਾਰ ਮਿਲਿਆ। ਇਸ ਤਰ੍ਹਾਂ ਅਸੀਂ ਵੀ ਆਪਣੀਆਂ ਆਯੁਰਵੈਦਿਕ ਜੜੀ ਬੂਟੀਆਂ ਨਾਲ ਔਸ਼ਧੀਆਂ ਦੀ ਖੋਜ ਕਰਕੇ ਮਾਨਵਤਾ ਦੀ ਸੇਵਾ ਕਰ ਸਕਦੇ ਹਾਂ ਅਤੇ ਵੱਡਾ ਨਾਮਣਾ ਖੱਟ ਸਕਦੇ ਹਾਂ। ਪਰ ਦੁੱਖ ਹੁੰਦਾ ਹੈ ਕਿ ਅਜਿਹਾ ਕਰਨ ਲਈ ਸਾਡੇ ਵਿੱਚ ਆਤਮ ਵਿਸ਼ਵਾਸ ਅਤੇ ਆਤਮ ਸਨਮਾਨ ਦੀ ਕਮੀ ਹੈ। ਅਸੀਂ ਸਵਦੇਸ਼ੀ ਵਸਤੂਆਂ ਨੂੰ ਅਪਣਾਉਨ ਤੋਂ ਹਿਚਕਚਾਉਂਦੇ ਹਾਂ ਅਤੇ ਵਿਦੇਸ਼ੀ ਵਸਤੂਆਂ ਵੱਲ ਆਕਰਸ਼ਿਤ ਹੋ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਸਮੇਂ ਦੀ ਮੰਗ ਹੈ ਕਿ ਭਾਰਤੀ ਲੋਕ ਆਪਣੀ ਸਵਦੇਸ਼ੀ ਆਯੁਰਵੈਦਿਕ ਪੱਧਤੀ ਨੂੰ ਅਪਣਾਉਣ ਲਈ ਆਪਣੇ ਵਿੱਚ ਆਤਮ ਸਨਮਾਨ ਪੈਦਾ ਕਰਨ।

## ਬਾਇਡਨ ਸਰਕਾਰ ਵੱਲੋਂ ਅਮਰੀਕੀ ਨਾਗਰਿਕਾਂ ਨੂੰ ਭਾਰਤ 'ਚੋਂ ਨਿਕਲਣ ਦੀ ਸਲਾਹ

ਵਾਸ਼ਿੰਗਟਨ-ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਭਾਰਤ ਦੀ ਯਾਤਰਾ ਨਾ ਕਰਨ ਜਾਂ ਜਿੰਨੀ ਜਲਦੀ ਹੋ ਸਕੇ ਉਹ ਭਾਰਤ ਵਿਚੋਂ ਨਿਕਲ ਜਾਣ। ਅਮਰੀਕਾ ਨੇ ਕਿਹਾ ਕਿ ਭਾਰਤ ਵਿੱਚ ਕਰੋਨਾ ਦੀ ਦੂਜੀ ਲਹਿਰ ਤੇਜ਼ੀ ਨਾਲ ਫੈਲ ਰਹੀ ਹੈ ਤੇ ਉਥੇ ਇਲਾਜ ਦੇ ਵਸੀਲੇ ਵੀ ਸੀਮਤ ਹਨ। ਲਿਹਾਜ਼ਾ ਅਮਰੀਕੀ ਨਾਗਰਿਕ ਜੋ ਉਥੇ ਰਹੇ ਤਾਂ ਉਨ੍ਹਾਂ ਲਈ ਖਤਰਾ ਪੈਦਾ ਹੋ ਸਕਦਾ ਹੈ। ਅਮਰੀਕਾ ਨੇ ਭਾਰਤ ਨੂੰ ਲੈਵਲ 4 ਯਾਤਰਾ ਐਡਵਾਈਜ਼ਰੀ 'ਚ ਰੱਖਿਆ ਹੈ। ਵਿਦੇਸ਼ ਵਿਭਾਗ ਨੇ ਭਾਰਤ ਵਿਚਲੇ ਆਪਣੇ ਦੂਤਾਵਾਸ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਕ ਉਥੋਂ ਨਿਕਲਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਦਿੱਲੀ ਸਥਿਤ ਅਮਰੀਕੀ ਅੰਬੈਸੀ ਤੇ ਚੇਨੱਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚਲੇ ਕੌਂਸੁਲੇਟ ਜਨਰਲ ਖੁੱਲ੍ਹੇ ਰਹਿਣਗੇ ਤੇ ਆਮ ਵਾਂਗ ਸੇਵਾਵਾਂ ਮੁਹੱਈਆ ਕਰਵਾਉਣਗੇ।

## ਬਹਿਬਲ ਗੋਲੀ ਕਾਂਡ ਦੀ ਸੁਣਵਾਈ 18 ਤੱਕ ਮੁਲਤਵੀ

ਫ਼ਰੀਦਕੋਟ-ਫ਼ਰੀਦਕੋਟ ਦੇ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ 18 ਮਈ ਤੱਕ ਮੁਲਤਵੀ ਕਰ ਦਿੱਤੀ ਹੈ। ਅਦਾਲਤ ਵਿੱਚ ਪੇਸ਼ੀ ਦੌਰਾਨ ਸਿਰਫ ਇਕ ਮੁਲਜ਼ਮ ਹਾਜ਼ਰ ਹੋਇਆ। ਹਾਲਾਂਕਿ ਵਿਸ਼ੇਸ਼ ਜਾਂਚ ਟੀਮ ਦੇ ਸੀਨੀਅਰ ਮੈਂਬਰ ਅੱਜ ਸੁਣਵਾਈ ਦੌਰਾਨ ਅਦਾਲਤ ਵਿਚ ਹਾਜ਼ਰ ਸਨ। ਪੰਜਾਬ ਸਰਕਾਰ ਨੇ ਬਹਿਬਲ ਗੋਲੀ ਕਾਂਡ ਵਿਚ ਚਾਰਜਸ਼ੀਟ ਦੇ ਮੁੱਦੇ 'ਤੇ ਬਹਿਸ ਕਰਨ ਦੀ ਅਦਾਲਤ ਨੂੰ ਬੇਨਤੀ ਕੀਤੀ ਸੀ ਪਰ ਮੁਲਜ਼ਮਾਂ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਬਹਿਬਲ ਗੋਲੀ ਕਾਂਡ ਦੀ ਚਾਰਜਸ਼ੀਟ ਰੱਦ ਕਰਵਾਉਣ ਲਈ ਉਹ ਹਾਈ ਕੋਰਟ ਵਿੱਚ ਗਏ ਹੋਏ ਹਨ ਅਤੇ ਇਸ ਮਾਮਲੇ ਦੀ ਸੁਣਵਾਈ ਹਾਈ ਕੋਰਟ ਨੇ 13 ਮਈ ਨੂੰ ਕਰਨੀ ਹੈ।

## ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਵ ਸੈਮੀਨਾਰ ਲੜੀ

ਸਰੀ-9ਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਹਰਪ੍ਰੀਤ ਸਿੰਘ ਸ਼ੋਅ ਵਲੋਂ 1 ਮਈ ਤੋਂ 9 ਮਈ 2021 ਤੱਕ ਸੈਮੀਨਾਰਾਂ ਦੀ ਇਕ ਲੜੀ ਕਰਵਾਈ ਜਾ ਰਹੀ ਹੈ। ਵਿਸ਼ਵ ਭਰ ਤੋਂ 33 ਬੁਲਾਰੇ ਗੱਲਬਾਤ ਦੀ ਲੜੀ ਵਿਚ ਹਿੱਸਾ ਲੈਣਗੇ ਜਿਹੜੀ ਇਸ ਗੱਲ 'ਤੇ ਕੇਂਦਰਿਤ ਹੋਵੇਗੀ ਕਿ ਗੁਰੂ ਤੇਗ ਬਹਾਦਰ ਦੀਆਂ ਸਿੱਖਿਆਵਾਂ ਨੂੰ ਆਪਣੀ ਰੋਜ਼ਾਨਾਂ ਦੀ ਜ਼ਿੰਦਗੀ ਵਿਚ ਕਿਵੇਂ ਅਪਣਾਇਆ ਜਾਵੇ। ਇਸ ਸੈਮੀਨਾਰ ਲੜੀ ਦੇ ਮੋਡਰੇਟਰ ਪੱਤਰਕਾਰ ਹਰਪ੍ਰੀਤ ਸਿੰਘ ਹੋਣਗੇ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿਚਰਵਾਰ, 1 ਮਈ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.

#105-7928 128th St., Surrey, BC, V3W 4E8
info@amrikcheema.com

# ਲੱਕੜ ਦੀ ਉੱਚੀਆਂ ਕੀਮਤਾਂ ਕਾਰਨ ਘਰਾਂ ਦੇ ਨਵੀਨੀਕਰਣ ਦਾ ਖਰਚ ਵਧਿਆ



ਟੋਰਾਂਟੋ-ਉੱਤਰੀ ਅਮਰੀਕਾ ਵਿਚ ਲੱਕੜ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ ਜਿਸ ਨਾਲ ਸਮੁੱਚੇ ਕੈਨੇਡਾ ਵਿਚ ਘਰਾਂ ਦੇ ਨਵੀਨੀਕਰਨ ਅਤੇ ਆਮ ਠੇਕਾਂ ਸੇਵਾਵਾਂ ਦਾ ਖਰਚ ਵਧ ਗਿਆ ਹੈ। ਓਨਟਾਰੀਓ ਫੌਰੈਸਟ ਇੰਡਸਟਰੀ ਐਸੋਸੀਏਸ਼ਨ (ਓਐਫਆਈਏ) ਦੇ ਪ੍ਰਧਾਨ ਇਆਨ ਡਨ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦਰਮਿਆਨ ਕਈ ਗੱਲਾਂ ਹਨ ਜਿਸ ਨੇ ਇਸ ਲਾਗਤ ਨੂੰ ਵਧਾਇਆ ਹੈ। ਡਨ ਨੇ ਸੀਟੈਲੀਵੀਜ਼ਨ ਦੇ ਯੂਅਰ ਮੌਰਨਿੰਗ ਪ੍ਰੋਗਰਾਮ ਨੂੰ ਦੱਸਿਆ ਕਿ ਲੱਕੜ ਆਖਰਕਾਰ ਇਕ ਵਸਤੂ ਹੈ ਅਤੇ ਇਹ ਵਸਤੂ ਕਿਸਮ ਦੀਆਂ ਕੀਮਤਾਂ ਦਾ ਹੁੰਗਾਰਾ ਦਿੰਦੀ ਹੈ। ਡਨ ਨੇ ਦੱਸਿਆ ਕਿ ਪਿਛਲੇ 6 ਮਹੀਨਿਆਂ ਵਿਚ ਸਪਲਾਈ ਤੇ ਮੰਗ ਨੇ ਲੱਕੜ ਦੀਆਂ ਕੀਮਤਾਂ 170 ਫ਼ੀਸਦੀ ਤਕ ਵਧਾਉਣ ਵਿਚ ਮਦਦ ਕੀਤੀ ਹੈ। ਸਪਲਾਈ ਦੀ ਗੱਲ ਕਰੀਏ ਤਾਂ ਹੈਲਥ ਤੇ ਸੁਰੱਖਿਆ ਚਿੰਤਾਵਾਂ ਦੇ ਸਿੱਟੇ ਵਜੋਂ ਅਸੀਂ ਮਿੱਲਾਂ ਵਿਚ ਕੰਮ ਘਟਾ ਦਿੱਤਾ ਹੈ। ਮਿੱਲਾਂ ਵਿਚ ਥੋੜੇ ਲੋਕ ਕੰਮ ਕਰ ਰਹੇ ਹਨ ਜਿਸ ਨਾਲ ਸਪਲਾਈ ਪਾੜਾ ਬਣਿਆਂ ਹੈ ਜਿਸ ਨੂੰ ਅੱਜ ਲਗਾਤਾਰ ਦੇਖ ਰਹੇ ਹਾਂ। ਅਕਤੂਬਰ ਵਿਚ ਟੀਡੀ ਬੈਂਕ ਵਲੋਂ ਕੀਤੇ ਰੀਅਲ ਅਸਟੇਟ ਸਰਵੇਖਣ ਵਿਚ ਪਾਇਆ ਗਿਆ ਕਿ ਕੈਨੇਡਾ ਵਿਚ ਘਰ ਦਾ ਨਵੀਨੀਕਰਨ ਲਗਪਗ 40 ਫ਼ੀਸਦੀ ਵਧ ਗਿਆ ਹੈ ਜਦਕਿ 37 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਨੇੜਲੇ ਭਵਿੱਖ ਵਿਚ ਘਰ ਦੀ ਕਿਸੇ ਤਰ੍ਹਾਂ ਦੀ ਨਵੀਨੀਕਰਨ ਦੀ ਯੋਜਨਾ ਬਣਾ ਰਹੇ ਹਨ। ਕੈਨੇਡੀਅਨ ਹੋਮਬਿਲਡਰਸ ਐਸੋਸੀਏਸ਼ਨ ਮੁਤਾਬਿਕ ਲੱਕੜ ਦੀਆਂ ਕੀਮਤਾਂ ਵੱਧਣ ਕਾਰਨ 2500 ਵਰਗ ਫੁੱਟ ਵਾਲੇ ਘਰ ਦੇ ਨਵੀਨੀਕਰਨ ਦੀ ਲਾਗਤ 30000 ਡਾਲਰ ਵਧ ਸਕਦੀ ਹੈ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com
CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

7676 144A STREET


Welcome to Chimney Heights, East Newton's most desirable neighborhood. Over 4000 sqft home sits on a rectangular west facing 6000 sqft lot. Well kept by its owners, This bright home features 4 bedrooms on the main floor with 3 full bathrooms. The main floor features a spacious formal living room & Dining room, Family Room, an open kitchen as well as a bedroom to be used for your parents or as an office. The basement includes two mortgage helpers with one bedroom suite and a two-bedroom suite. Call now to book a private showing.

1426 KENT


Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

9853 HUCKLEBERRY DRIVE


Welcome to Fraser Height's newest sub-division. This 4000 sqft lot is ready to build, the plans should be ready to pick up from the city in two weeks. The home will include 7 bedrooms 6 bathrooms with a media room and bar area for your own use downstairs. The total square footage for the home will be 3722 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

## Call: +1-604-857-4777 / 778-344-1964
## Email: team@rightlink.ca

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*
***Remote Location? No Problem. We will come to you !***

# ਐਨ.ਡੀ.ਪੀ. ਦੇ ਸਮੱਰਥਨ ਨਾਲ ਟਰੂਡੋ ਸਰਕਾਰ ਨੇ ਭਰੋਸੇ ਦਾ ਵੋਟ ਜਿੱਤਿਆ

ਸਰੀ (ਹਰਦਮ ਮਾਨ)-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਘੱਟ ਗਿਣਤੀ ਫੈਡਰਲ ਸਰਕਾਰ ਇਕ ਵਾਰ ਫੇਰ ਹਾਊਸ ਆਫ ਕਾਮਨਜ਼ ਵਿਚ ਭਰੋਸੇ ਦਾ ਵੋਟ ਹਾਸਲ ਕਰਨ ਵਿਚ ਸਫਲ ਹੋ ਗਈ ਹੈ। ਟਰੂਡੋ ਸਰਕਾਰ ਬਚਾਉਣ ਲਈ ਐਨ ਡੀ ਪੀ। ਆਗੂ ਜਗਮੀਤ ਸਿੰਘ ਵੱਲੋਂ ਪਹਿਲਾਂ ਹੀ ਕੀਤੇ ਐਲਾਨ ਗਿਆ ਸੀ ਕਿ ਮਹਾਂਮਾਰੀ ਦੇ ਇਸ ਸੰਕਟਮਈ ਸਮੇਂ ਵਿਚ ਉਹ ਮੱਧਕਾਲੀ ਚੋਣਾਂ ਨਹੀਂ ਚਾਹੁਣਗੇ। ਇਸ ਐਲਾਨ ਤੇ ਪਹਿਰਾ ਦਿੰਦਿਆਂ ਐਨ ਡੀ ਪੀ। ਦੇ ਐਮਪੀਜ਼ ਨੇ ਲਿਬਰਲਜ਼ ਦੇ ਹੱਕ ਵਿਚ ਆਪਣੀ ਵੋਟ ਪਾਈ। ਭਰੋਸੇ ਦਾ ਵੋਟ ਹਾਸਲ ਹੋ ਜਾਣ ਉਪਰੰਤ ਹੁਣ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਮਹਾਂਮਾਰੀ ਦੌਰਾਨ ਕੈਨੇਡਾ ਦੇ ਲੋਕਾਂ ਉਪਰ ਪਾਰਲੀਮੈਂਟ ਚੋਣਾਂ ਦਾ ਬੋਝ ਨਹੀਂ ਲੱਦਿਆ ਜਾਵੇਗਾ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਸਰਕਾਰ ਵੱਲੋਂ ਪੇਸ਼ ਕੀਤੇ ਗਏ ਜਨਰਲ ਬੱਜਟ ਬਾਰੇ ਵੋਟਿੰਗ ਕਰਵਾਈ ਗਈ ਸੀ ਜਿਸ ਵਿਚ ਐਨ ਡੀ ਪੀ। ਦੇ ਸਮੱਰਥਨ ਸਦਕਾ ਲਿਬਰਲਾਂ ਨੂੰ 178 ਵੋਟਾਂ ਹਾਸਲ ਹੋਈਆਂ ਅਤੇ ਇਸ ਦੇ ਵਿਰੋਧ ਵਿੱਚ 157 ਵੋਟਾਂ ਪਈਆਂ। ਕੰਜ਼ਰਵੇਟਿਵ ਪਾਰਟੀ, ਬਲਾਕ ਕਿਊਬਿਕੁਆ ਅਤੇ ਗ੍ਰੀਨ ਪਾਰਟੀ ਦੇ ਐਮਪੀਜ਼ ਨੇ ਬਜਟ ਦੇ ਵਿਰੋਧ ਵਿਚ ਵੋਟ ਪਾਈ।






# ਸਰੀ ਦੇ ਨਵਲਪ੍ਰੀਤ ਰੰਗੀ ਨੇ ਪਰਵਾਸ ਤੇ ਬਣਾਈ ਵੈੱਬ ਸੀਰੀਜ਼ "ਵੋਲਗਾ ਦੇ ਬੰਦੇ"

ਸਰੀ (ਹਰਦਮ ਮਾਨ)-ਸਟੂਡੀਓ-ਸੈਵਨ ਪ੍ਰੋਡਕਸ਼ਨ ਸਰੀ ਵੱਲੋਂ ਪ੍ਰਸਿੱਧ ਰੰਗ ਕਰਮੀ ਨਵਲਪ੍ਰੀਤ ਰੰਗੀ ਦੇ ਨਿਰਦੇਸ਼ਨ ਹੇਠ ਐਨ ਆਰ ਆਈ ਪੰਜਾਬੀਆਂ ਦੇ ਪਰਵਾਸ ਦੀ ਕਹਾਣੀ ਨੂੰ ਵੈਬ ਸੀਰੀਜ਼ ਰਾਹੀਂ ਯੂ-ਟਿਊਬ ਉਪਰ ਪੇਸ਼ ਕੀਤਾ ਜਾ ਰਿਹਾ ਹੈ। "ਵੋਲਗਾ ਦੇ ਬੰਦੇ" (ਡ਼ੋਲਗਅ ਧਏ ਭਅਨਦਏ) ਟਾਈਟਲ ਹੇਠ ਤਿਆਰ ਕੀਤੀ ਗਈ ਇਸ ਵੈੱਬ ਸੀਰੀਜ਼ ਦਾ ਪਹਿਲਾ ਐਪੀਸੋਡ 21 ਅਪ੍ਰੈਲ 2021 ਨੂੰ ਜਾਰੀ ਕੀਤਾ ਗਿਆ ਹੈ। ਇਸ ਦੇ ਲੇਖਕ ਵੀ ਨਵਲਪਰੀਤ ਰੰਗੀ ਹੀ ਹਨ। ਇਹ ਵੈਬ ਸੀਰੀਜ਼ ਪਰਵਾਸੀ ਪੰਜਾਬੀਆਂ ਦੇ 1897 ਵਿਚ ਵੈਨਕੂਵਰ ਦੀ ਧਰਤੀ ਉਪਰ ਆਉਣ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਵਿਚ ਭਾਰਤੀਆਂ ਵੱਲੋਂ ਵਿਦੇਸ਼ੀ ਧਰਤੀਆਂ ਉਪਰ ਸਹਿਣ ਕੀਤੀਆਂ ਦੁਸ਼ਵਾਰੀਆਂ, ਚੁਣੌਤੀਆਂ ਅਤੇ ਆਬਾਦ ਹੋਣ ਦੇ ਮਸਲਿਆਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਗੁਰਵਿੰਦਰ ਢੀਂਗਰਾ, ਪ੍ਰਿੰਸ ਗੋਸਵਾਮੀ, ਜੈੱਫ ਮੋਹਸ, ਦਿਲਪ੍ਰੀਤ ਸਿੰਘ, ਮੈਰੀ ਫਲੈਨੀਜਨ, ਕੋਲ ਬਰੇਕਲ, ਅਰਸ਼ਦੀਪ ਸਿੰਘ, ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਦਲਬੀਰ ਸਿੰਘ, ਬਾਬਾ ਜੀ ਅਤੇ ਆ। ਰੰਧਾਵਾ ਨੇ ਇਸ ਵਿਚ ਆਪਣੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਹੈ। ਇਸ ਦਾ ਫਿਲਮਾਂਕਣ ਵੈਨਕੂਵਰ, ਸਰੀ, ਐਬਟਸਫੋਰਡ, ਕਲੋਨਾ, ਕੈਮਲੂਪਸ, ਫੋਰਟ ਲੈਂਗਲੀ, ਵ੍ਹਾਈਟ ਰੋਕ, ਨਿਊ ਵੈਸਟਮਿਨਸਟਰ ਅਤੇ ਔਰੇਂਜਵਿਲੇ ਵਿਚ ਕੀਤਾ ਗਿਆ ਹੈ। ਪੰਜਾਬੀਆਂ ਅਤੇ ਸਿੱਖਾਂ ਦੇ ਪਰਵਾਸ ਨੂੰ ਜੀਵੰਤ ਢੰਗ ਨਾਲ ਪੇਸ਼ ਕਰ ਰਹੀ ਇਹ ਵੈਬਸੀਰੀਜ਼ ਯੂ ਟਿਊਬ ਉਪਰ ਵੇਖੀ ਜਾ ਸਕਦੀ ਹੈ।




# 'ਰਾਮਗੜ੍ਹੀਆ ਵਿਰਾਸਤ' ਪੁਸਤਕ ਰਾਮਗੜ੍ਹੀਆ ਕੌਮ ਦਾ ਵਿਸ਼ਵਕੋਸ਼ ਹੈ-ਤਰਲੋਚਨ ਸਿੰਘ

ਸਰੀ (ਹਰਦਮ ਮਾਨ)–ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ, ਕੈਨੇਡਾ ਦਾ ਇੰਡੀਆ ਚੈਪਟਰ ਦੇ ਕੋਆਰਡੀਨੇਟਰ ਜੋਤਿੰਦਰ ਸਿੰਘ ਨੇ ਸ। ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਿਤ ਕੀਤੀ ਕੌਫੀ ਟੇਬਲ ਪੁਸਤਕ "ਰਾਮਗੜ੍ਹੀਆ ਵਿਰਾਸਤ" ਬੀਤੇ ਦਿਨ ਪਟਿਆਲਾ ਵਿਖੇ



ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੂੰ ਭੇਂਟ ਕੀਤੀ। ਤਰਲੋਚਨ ਸਿੰਘ ਨੇ ਇਸ ਪੁਸਤਕ ਉਪਰ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ ਕਿ ਰਾਮਗੜ੍ਹੀਆ ਵਿਰਾਸਤ ਦਾ ਸਿੱਖ ਕੌਮ ਵਿੱਚ ਬਹੁਤ ਵੱਡਾ ਰੋਲ ਹੈ। ਸਿੱਖ ਇਤਿਹਾਸ ਵਿਚ ਜੇ ਕਿਸੇ ਨੇ ਪਹਿਲੀ ਵਾਰ ਇਸ ਗੱਲ ਦੀ ਕਦਰ ਪਾਈ ਹੈ ਕਿ ਇਤਿਹਾਸ ਨੂੰ ਸੰਭਾਲਣਾ ਕਿਵੇਂ ਹੈ ? ਤਾਂ ਉਹ ਜੱਸਾ ਸਿੰਘ ਰਾਮਗੜ੍ਹੀਆ ਹੀ ਸਨ। ਸ। ਜੈਤੇਗ ਸਿੰਘ ਅਨੰਤ ਨੇ ਜਿਸ ਮਿਹਨਤ ਸ਼ਿੱਦਤ, ਸਿਆਣਪ ਅਤੇ ਦੂਰਅੰਦੇਸ਼ੀ ਨਾਲ ਇਹ ਪੁਸਤਕ ਤਿਆਰ ਕੀਤੀ ਹੈ, ਉਹ ਆਪਣੇ ਆਪ ਵਿਚ ਇਤਿਹਾਸਕ ਕਾਰਜ ਹੈ ।ਮੇਰੀ ਨਜ਼ਰ ਵਿੱਚ ਇਹ ਰਾਮਗੜ੍ਹੀਆ ਕੌਮ ਦਾ ਵਿਸ਼ਵਕੋਸ਼ ਹੈ। ਇਹ ਪੁਸਤਕ ਸੰਪੂਰਨ ਰੂਪ ਵਿਚ ਰਾਮਗੜ੍ਹੀਆ ਵਿਰਸੇ ਤੇ ਵਿਰਾਸਤ ਦੀ ਤਰਜਮਾਨੀ ਕਰਦੀ ਹੈ। ਇਸ ਇਤਿਹਾਸਕ ਤੇ ਯਾਦਗਾਰੀ ਕਾਰਜ ਵਿੱਚ ਰਾਮਗੜ੍ਹੀਆ ਕੌਮ ਦੇ ਧਾਰਮਿਕ, ਰਾਜਨੀਤਿਕ, ਵਿੱਦਿਅਕ, ਉਦਯੋਗਿਕ, ਸਾਹਿਤਕ, ਕਲਾ, ਸੰਗੀਤ, ਦੇਸ਼ ਭਗਤੀ ਦੀ ਬਹਾਦਰੀ ਦਾ ਵਗਦਾ ਦਰਿਆ ਹੈ। ਜੈਤੇਗ ਸਿੰਘ ਅਨੰਤ ਦੇ ਪਿਛਲੇ ਤਿੰਨਾਂ ਸਾਲਾਂ ਤੋਂ ਬੇਹੱਦ ਨਾਮੁਰਾਦ ਬਿਮਾਰੀ ਦੀ ਜਕੜ ਵਿਚ ਹੋਣ ਦੇ ਬਾਵਜੂਦ ਐਡਾ ਵੱਡਾ ਕਾਰਜ ਕਰਨਾ ਛੋਟਾ ਕੰਮ ਨਹੀਂ ।ਮੈਂ ਉਸ ਦੀ ਤੀਖਣ ਬੁੱਧੀ ਦੀ ਦਾਦ ਦਿੰਦਾ ਹਾਂ। ਜਿਸ ਨੇ ਲੰਮੀ ਬੀਮਾਰੀ ਦੇ ਬਾਵਜੂਦ ਇਤਿਹਾਸਕ ਕਾਰਜ ਕਰ ਕੇ ਸਮੁੱਚੇ ਸਿੱਖ ਜਗਤ ਵਿਚ ਆਪਣੀ ਅਮਿੱਟ ਥਾਂ ਛੱਡ ਦਿੱਤੀ ਹੈ ।

## 298ਵੇਂ ਜਨਮ ਦਿਵਸ ਤੇ ਵਿਸ਼ੇਸ਼

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਸੁਰਿੰਦਰ ਸਿੰਘ ਜੱਬਲ,
ਪ੍ਰਧਾਨ, ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ, ਸਰੀ



ਰਾਮਗੜ੍ਹੀਆ ਸਰਦਾਰ ਦੇ ਪਿਛੋਕੜ ਤੇ ਝਾਤੀ ਮਾਰਨ ਤੋਂ ਪਤਾ ਲੱਗਦਾ ਹੈ ਕਿ ਭਾਈ ਹਰਿਦਾਸ ਸਿੰਘ ਜੀ ਦੇ ਪਿਤਾ ਭਾਈ ਬਿਧੀ ਚੰਦ ਜੀ ਸੁਰਸਿੰਘ ਨਿਵਾਸੀ ਸਨ ।ਲਾਹੌਰ ਗਜ਼ਟੀਅਰ ਮੁਤਾਬਿਕ ਇਹ ਪਿੰਡ ਜ਼ਿਲਾ ਅੰਮ੍ਰਿਤਸਰ, ਤਹਿਸੀਲ ਪੱਟੀ ਵਿਚ ਖੇਮਕਰਨ ਤੋਂ 19 ਮੀਲ ਦੂਰ ਉੱਤਰ-ਪੂਰਬ ਵੱਲ ਹੈ। ਸਾਰਾ ਪਰਿਵਾਰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਘਰ ਨਾਲ ਜੁੜਿਆ ਹੋਇਆ ਸੀ ।ਭਾਈ ਹਰਿਦਾਸ ਸਿੰਘ ਜੀ ਨੇ 1699 ਦੀ ਵਿਸਾਖੀ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਤੋਂ ਅੰਮ੍ਰਿਤ ਛਕਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜੰਗਾਂ ਯੁਧਾਂ ਵਿਚ ਅੱਗੇ ਹੋ ਕੇ ਹਿੱਸਾ ਲਿਆ ।ਜਦੋਂ ਗੁਰੂ ਜੀ ਦੱਖਣ ਵੱਲ ਨੰਦੇੜ ਗਏ ਤਾਂ ਭਾਈ ਹਰਿਦਾਸ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਗਿਆਨੀ ਭਗਵਾਨ ਸਿੰਘ ਵੀ ਨਾਲ ਹੀ ਸੀ। ਗੁਰੂ ਸਾਹਿਬਾਨ ਜੀ ਦੀ ਹਾਜ਼ਰੀ ਵਿਚ ਭਾਈ ਹਰਿਦਾਸ ਸਿੰਘ ਖਾਲਸੇ ਦੀਆਂ ਜੰਗੀ ਜਰੂਰਤਾਂ ਪੂਰੀਆਂ ਕਰਦੇ ਅਤੇ ਤੀਰ ਬੰਦੂਕਾਂ, ਕਿਰਪਾਨਾਂ ਤੇ ਬਰਛੇ ਆਦਿ ਤਿਆਰ ਕਰਕੇ ਗੁਰੂ ਸਾਹਿਬਾਂ ਨੂੰ ਭੇਟ ਕਰਦੇ ਅਤੇ ਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਇਤਿਹਾਸਕਾਰ ਮੰਨਦੇ ਹਨ ਕਿ ਉਹ ਨਾਗਣੀ ਬਰਸ਼ਾ ਜਿਸ ਨਾਲ ਭਾਈ ਬਚਿਤਰ ਸਿੰਘ ਜੀ ਨੇ ਮਸਤ ਹਾਥੀ ਦਾ ਸਿਰ ਵਿੰਨ੍ਹਿਆ ਸੀ ਉਹ ਵੀ ਭਾਈ ਹਰਿਦਾਸ ਸਿੰਘ (ਸ:ਜੱਸਾ ਸਿੰਘ ਜੀ ਦੇ ਦਾਦਾ) ਜੀ ਦੀ ਬਣਾਈ ਹੋਈ ਸੀ ।ਸੰਨ 1682 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਉਤਾਰਾ ਵੀ ਕੀਤਾ (ਛੋਲੋਨਏਲ ਤਿਬਅਲ ਨਿਗਹ੍ਹ ਏਟਿਰਏਦ) ਭਾਈ ਹਰਿਦਾਸ ਸਿੰਘ ਜੀ ਨੇ ਆਪਣੀ ਸਾਰੀ ਉਮਰ ਗੁਰੂ ਜੀ ਦੀ ਹਜ਼ੂਰੀ ਵਿਚ ਹੀ ਗੁਜ਼ਾਰੀ ।ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:

**ਇਨਕਾ ਬੜਾ ਸਿੰਘ ਹਰਦਾਸ। ਰਹਯੋ ਗੁਰੂ ਗੋਬਿੰਦ ਸਿੰਘ ਪਾਸ।**
**ਤਨ ਮਨ ਧਨ ਕਰ ਸੇਵ ਕਮਾਈ। ਗੁਰ ਵਰ ਦੀਨੋ ਰਾਜ ਲੁਭਾਈ।**
**ਸਿੰਘ ਭਗਵਾਨ ਤਾਹਿ ਸੁਤ ਭਯੋ। ਅਬਚਲ ਨਗਰ ਗੁਰੂ ਸੰਗ ਰਯੋ।**
**(ਪੰਥ ਪ੍ਰਕਾਸ਼)**

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਮਾਨ ਹੇਠ ਜਦੋਂ ਸਿੰਘ ਜੱਥੇਬੰਦ ਹੋ ਕੇ ਪੰਜਾਬ ਨੂੰ ਆਏ ਤਾਂ ਬਾਬਾ ਹਰਿਦਾਸ ਸਿੰਘ ਤੇ ਉਹਨਾਂ ਦੇ ਸਪੁੱਤਰ ਗਿਆਨੀ ਭਗਵਾਨ ਸਿੰਘ (ਸ:ਜੱਸਾ ਸਿੰਘ ਜੀ ਦੇ ਪਿਤਾ) ਵੀ ਇਸ ਜੱਥੇ ਵਿਚ ਸ਼ਾਮਲ ਸਨ। ਸਰਹੰਦ ਸਢੋਰੇ ਤੇ ਬਜਵਾੜੇ ਦੇ ਜੰਗ ਯੁਧਾਂ ਵਿਚ ਹਿੱਸਾ ਲਿਆ। ਸੰਨ 1716 ਨੂੰ ਬਜਵਾੜੇ ਦੀ ਲੜਾਈ ਵਿਚ ਬੜੀ ਬੀਰਤਾ ਨਾਲ ਲੜਦੇ ਹੋਏ ਭਾਈ ਹਰਦਾਸ ਸਿੰਘ ਜੀ ਸ਼ਹੀਦੀ ਪਾ ਗਏ। ਭਾਈ ਹਰਿਦਾਸ ਸਿੰਘ ਜੀ ਦੇ ਸਪੁੱਤਰ ਸ: ਭਗਵਾਨ ਸਿੰਘ ਆਪਣੇ ਪਿਤਾ ਵਾਂਗੂੰ ਸੂਰਬੀਰ ਤੇ ਬਲਵਾਨ ਸਨ ।ਵਿਦਵਾਨ ਹੋਣ ਕਰਕੇ ਸਿੱਖ ਪੰਥ ਵਿਚ ਸ:ਭਗਵਾਨ ਸਿੰਘ ਜੀ ਨੂੰ ਗਿਆਨੀ ਲਕਬ ਨਾਲ ਸੰਬੋਧਨ ਕੀਤਾ ਜਾਂਦਾ ਸੀ ਤੇ ਪੂਰਨ ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰਦੇ। ਗੁਰਬਾਣੀ ਦੇ ਨਿਤਨੇਮੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਹੋਣ ਕਰਕੇ ਲੋਕ ਆਪ ਜੀ ਨੂੰ ਗਿਆਨੀ ਜੀ ਆਖ ਕੇ ਬੁਲਾਉਂਦੇ ਸਨ ।ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਸੁਰੱਖਿਆ ਵਜੋਂ ਅਪਣਾ ਜੱਦੀ ਪਿੰਡ ਸੁਰਸਿੰਘ ਛੱਡ ਕੇ ਈਚੋਗਿਲ ਵਿਚ ਆ ਟਿਕੇ। ਇਸੇ ਈਚੋਗਿਲ ਪਿੰਡ ਵਿਚ ਸਿੱਖ ਕੌਮ ਦੇ ਮਹਾਨ ਜਰਨੈਲ ਦਾ ਜਨਮ 5 ਮਈ 1723 ਨੂੰ ਹੋਇਆ। ਗਿਆਨੀ ਭਗਵਾਨ ਸਿੰਘ ਜੀ ਦੇ ਘਰ ਮਾਤਾ ਗੰਗੋ ਜੀ ਦੀ ਕੁਖੋਂ ਪੰਜ ਪੁੱਤਰਾਂ ਜੱਸਾ ਸਿੰਘ, ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਨੇ ਜਨਮ ਲਿਆ ।ਸ:ਜੱਸਾ ਸਿੰਘ ਇਹਨਾਂ ਸਾਰਿਆਂ ਵਿਚੋਂ ਵੱਡੇ ਸਨ ।ਗਿਆਨੀ ਭਗਵਾਨ ਸਿੰਘ ਜੀ ਘਰ ਵਿਚ ਹੀ ਆਪਣੇ ਪਿਤਾ ਜੀ ਦੀ ਬੀਰਤਾ ਦੀਆਂ ਗੱਲਾਂ ਆਪਣੇ ਬੱਚਿਆਂ ਨੂੰ ਅਕਸਰ ਹੀ ਸੁਣਾਇਆ ਕਰਦੇ ਸਨ ।ਅਪਣੇ ਵੱਡੇ ਵਡੇਰਿਆਂ ਦਾ ਗੌਰਵ ਭਰਿਆ ਇਤਿਹਾਸ ਸੁਣ ਕੇ ਇਹਨਾਂ ਬੱਚਿਆਂ ਦੇ ਮਨ ਉੱਤੇ ਬੜਾ ਡੂੰਘਾ ਪ੍ਰਭਾਵ ਪਿਆ। ਉਹਨਾਂ ਆਪਣੇ ਅੱਖੀਂ ਹਿੰਦੂਆਂ ਅਤੇ ਸਿੱਖਾਂ ਉੱਤੇ ਹਰਰੋਜ਼ ਜ਼ੁਲਮ ਹੁੰਦੇ ਵੇਖੇ ।ਪੁਸ਼ਤ-ਦਰ-ਪੁਸ਼ਤ ਦੇ ਸਿੱਖੀ ਖ਼ੂਨ ਵਿਚ ਉਬਾਲ ਆਇਆ ਤੇ ਉਹ ਮੁਗਲ ਸਰਕਾਰ ਦੇ ਜ਼ਬਰ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਉਤਾਵਲੇ ਹੋ ਉੱਠੇ।

ਸ:ਜੱਸਾ ਸਿੰਘ ਤੇ ਉਹਨਾਂ ਦੇ ਭਰਾਵਾਂ ਨੇ ਧਾਰਮਿਕ ਸਿਖਿਆ, ਗੁਰਮੁਖੀ ਅੱਖਰਾਂ ਦੀ ਪੜ੍ਹਾਈ ਲਿਖਾਈ, ਪੰਜਾਂ ਬਾਣੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਨਾਲ ਨਾਲ ਉਸ ਸਮੇਂ ਦੇ ਆਮ ਵਰਤੋਂ ਵਾਲੇ ਸ਼ਸਤਰਾਂ ਦੀ ਵਿਦਿਆ ਆਪਣੇ ਪਿਤਾ ਗਿਆਨੀ ਭਗਵਾਨ ਸਿੰਘ ਜੀ ਪਾਸੋਂ ਹੀ ਹਾਸਲ ਕੀਤੀ ।ਸਿੱਖੀ ਵਿਚ ਪਰਪੱਕ ਕਰਨ ਲਈ ਜੱਸਾ ਸਿੰਘ ਜੀ ਨੂੰ ਦਸ਼ਮੇਸ਼ ਪਿਤਾ ਜੀ ਦਾ ਬਖਸ਼ਿਆ ਖੰਡੇ ਦਾ ਅੰਮ੍ਰਿਤ ਛਕਾਇਆ ਗਿਆ। ਇਤਿਹਾਸਕਾਰ ਕਹਿੰਦੇ ਹਨ ਕਿ ਸ:ਗੁਰਦਿਆਲ ਸਿੰਘ ਪੰਜਵੜ ਜੀ ਅਗਵਾਈ ਹੇਠ ਪੰਜ ਪਿਆਰਿਆ ਪਾਸੋਂ ਅੰਮ੍ਰਿਤਪਾਨ ਕੀਤਾ ।ਪਿਤਾ ਪੁਰਖੀ ਤਰਖਾਣੇ ਕੰਮ ਵਿਚ ਸ:ਜੱਸਾ ਸਿੰਘ ਜੀ ਦਾ ਦਿਲ ਉੱਕਾ ਹੀ ਨਾ ਖੁੱਭਿਆ।

ਸੰਨ 1738 ਵਿਚ ਨਾਦਰ ਸ਼ਾਹ ਨੇ ਪੰਜਾਬ ਤੇ ਹਮਲਾ ਕਰ ਦਿੱਤਾ। ਪੰਜਾਬ ਦੇ ਜ਼ਾਲਮ ਗਵਰਨਰ ਜ਼ਕਰੀਆ ਖਾਨ ਬਹਾਦਰ ਨੇ ਸਿੰਘਾਂ ਨਾਲ ਸੁਲ੍ਹਾ ਸਫਾਈ ਕਰਕੇ ਔਖਾ ਵਖਤ ਟਪਾਉਣ ਦੀ ਸੋਚੀ ।ਜਗੀਰ ਤੇ ਖਿੱਲਤ ਭੇਜ ਕੇ ਸਿੰਘਾਂ ਪਾਸੋਂ ਨਾਦਰ ਸ਼ਾਹ ਖਿਲਾਫ ਸਹਾਇਤਾ ਦੀ ਮੰਗ ਕੀਤੀ ।ਖਾਲਸਾ ਜੀ ਦੀ ਫੈਸਲੇ ਅਨੁਸਾਰ ਬਹੁਤ ਸਾਰੇ ਸਿੰਘ ਨਾਦਰ ਸ਼ਾਹ ਖਿਲਾਫ ਲੜਨ ਲਈ ਫੌਜ ਵਿਚ ਸ਼ਾਮਲ ਹੋ ਗਏ। ਗਿਆਨੀ ਭਗਵਾਨ ਸਿੰਘ ਤੇ ਸ:ਜੱਸਾ ਸਿੰਘ ਵੀ ਇਸ ਫੌਜ ਵਿਚ ਸ਼ਾਮਲ ਹੋ ਗਏ ਸਨ। ਵਜ਼ੀਰਾਬਾਦ (ਜ਼ਿਲਾ ਗੁਜਰਾਂਵਾਲਾ) ਨੇੜੇ ਘਮਸਾਨ ਦੀ ਲੜਾਈ ਵਿਚ ਗਿਆਨੀ ਭਗਵਾਨ ਸਿੰਘ ਜੀ ਸ਼ਹੀਦੀ ਪਾ ਗਏ। ਮੁੱਛਫੁਟ ਗਭਰੂ ਜੱਸਾ ਸਿੰਘ ਜੋ ਉਸ ਸਮੇਂ ਪੰਦਰਾਂ ਕੁ ਸਾਲ ਦਾ ਹੀ ਸੀ ਇੰਨੀ ਦਲੇਰੀ ਨਿਡਰਤਾ ਤੇ ਸੂਰਬੀਰਤਾ ਨਾਲ ਲੜਿਆ ਕਿ ਜ਼ਕਰੀਆ ਖਾਨ ਵੀ ਉਸ ਦੀ ਹਿੰਮਤ ਤੇ ਦਲੇਰੀ ਵੇਖ ਕੇ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ। ਜ਼ਕਰੀਆ ਖਾਨ ਨੇ ਗਿਆਨੀ ਭਗਵਾਨ ਸਿੰਘ ਜੀ ਦੇ ਪਰਿਵਾਰ ਨੂੰ ਪੰਜ ਪਿੰਡ ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਜਗੀਰ ਵਜੋਂ ਦਿੱਤੇ ਅਤੇ ਸ:ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਦਿੱਤੀ ।ਵੱਲਾ ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ। ਇਸ ਤਰਾਂ ਰਾਜਸੀ ਪ੍ਰਬੰਧ ਤੇ ਰਾਜਸੀ ਜੀਵਨ ਦਾ ਅਰੰਭ ਹੋਇਆ ।ਹੱਦਾਂ ਦੀ ਵੰਡ ਤੋਂ ਜਲੰਧਰ ਦੁਆਬੇ ਦੇ ਫੋਜਦਾਰ ਅਦੀਨਾ ਬੇਗ ਨਾਲ ਨੌਰੰਗਾਬਾਦ ਦੇ ਆਸ ਪਾਸ ਮੁਠਭੇੜ ਹੋਈ ਜੋ 'ਵੱਲੇ ਦੀ ਲੜਾਈ ਕਰਕੇ ਇਤਿਹਾਸ ਵਿਚ ਮਸ਼ਹੂਰ ਹੈ ।ਜੇਤੂ ਹੋਣ ਨਾਲ ਸ:ਜੱਸਾ ਸਿੰਘ ਮਾਣ ਸਤਿਕਾਰ ਪੰਥ ਵਿਚ ਹੋਰ ਵੀ ਵਧ ਗਿਆ।

ਅੰਮ੍ਰਿਤਸਰ ਵਿਚ 1747 ਦੀ ਵਿਸਾਖੀ ਤੇ ਸਰਬੱਤ ਖਾਲਸਾ ਹੋਇਆ। 'ਮਾੜੀਕੰਬੋਕੀ ਵਾਲੇ ਉਘੇ ਜਰਨੈਲ ਸ: ਸੁੱਖਾ ਸਿੰਘ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਹੀ ਪਹਿਲਾ ਕਿਲ੍ਹਾ ਉਸਾਰਨ ਲਈ ਪ੍ਰਭਾਵਸ਼ਾਲੀ ਅਪੀਲ ਕੀਤੀ ।ਅਪੀਲ ਦਾ ਇਹ ਅਸਰ ਹੋਇਆ ਕਿ ਸਰਬੱਤ ਖਾਲਸਾ ਵਲੋਂ ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋ ਗਿਆ। ਸਿੰਘਾਂ ਨੇ ਰਾਜ ਮਿਸਤਰੀ ਮਜਦੂਰ ਦਾ ਸਾਰਾ ਕੰਮ ਕਰਕੇ 1748 ਵਿਚ ਹੀ ਕੱਚੀ ਗੜ੍ਹੀ ਉਸਾਰ ਦਿੱਤੀ ਜਿਸ ਵਿਚ ਪੰਜ ਸੌ ਘੋੜ ਸਵਾਰਾਂ ਦੇ ਰਹਿਣ ਜੋਗੀ ਥਾਂ ਬਣਾਈ ਗਈ ਸ਼ਹਿਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਪੁਰ ਕਿਲ੍ਹੇ ਦਾ ਨਾਉਂ ਰਾਮਰੌਣੀ ਰੱਖਿਆ

NASIR CLOTH STORE
ਅਸਲੀ ਪਾਕਿਸਤਾਨੀ ਸੂਤੀ, ਊਨੀ ਅਤੇ ਸਿਲਕ
We Provide Tailoring Services



Ladies & Gents
Party Wear
Bridal Wear
Suits
Sherwani
Special Pakistani
Wool, Cotton & Silk
T: 236-880-2870
#6 - 13791 - 72 Ave., Surrey BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

ਗਿਆ। ਸ: ਜੱਸਾ ਸਿੰਘ ਤੇ ਉਸਦੇ ਕਿਰਤੀ ਸਾਥੀਆਂ ਦਾ ਇਸ ਦੀ ਉਸਾਰੀ ਵਿਚ ਬਹੁਤ ਯੋਗਦਾਨ ਸੀ।

ਅਦੀਨਾ ਬੇਗ ਜਲੰਧਰ ਦੁਆਬ ਦਾ ਇਕ ਸਿਆਣਾ ਤੇ ਚਲਾਕ ਹਾਕਮ ਮੰਨਿਆ ਜਾਂਦਾ ਹੈ। ਉਸ ਦਾ ਖਿਆਲ ਸੀ ਕਿ ਸਿੱਖਾਂ ਦੇ ਖਤਮ ਹੋਣ ਨਾਲ ਲਾਹੌਰ ਦੇ ਸੂਬੇਦਾਰ ਦੀ ਤਾਕਤ ਹੋਰ ਵਧ ਜਾਏਗੀ ਤੇ ਉਸ ਦੀ ਅਪਣੀ ਅਜ਼ਾਦੀ ਘਟ ਜਾਵੇਗੀ। ਇਸ ਲਈ ਉਸ ਨੇ ਸਿੱਖਾਂ ਨੂੰ ਖਤਮ ਕਰਨ ਦੀ ਥਾਂ ਉਹਨਾਂ ਨਾਲ ਗੰਢ ਤੁੱਪ ਕਰਨ ਦਾ ਉਪਰਾਲਾ ਜਾਰੀ ਰੱਖਿਆ। ਸ:ਜੱਸਾ ਸਿੰਘ ਇਚੋਗਿਲੀਆ ਨੇ ਸੁਲ੍ਹਾ ਕਰਨੀ ਪਰਵਾਨ ਕਰ ਲਈ ।ਸ: ਜੱਸਾ ਸਿੰਘ ਛੇਤੀਂ ਹੀ ਅਦੀਨਾ ਬੇਗ ਦੀ ਫੌਜ ਵਿਚ ਇਕ ਉੱਘਾ ਜਰਨੈਲ ਗਿਣਿਆ ਜਾਣ ਲੱਗਾ। ਉਸ ਨੂੰ 100 ਸਿੱਖਾਂ ਤੇ 60 ਹਿੰਦੂਆਂ ਦੀ ਇਕ ਪਲਟਨ ਦਾ ਮੁਖੀਆ ਨੀਅਤ ਕੀਤਾ ਗਿਆ। ਅਦੀਨਾ ਬੇਗ ਵੱਲੋ ਦੀ ਲੜਾਈ ਵਿਚ ਸ:ਜੱਸਾ ਸਿੰਘ ਦੇ ਹੱਥ ਦੇਖ ਚੁਕਿਆ ਸੀ ਇਸ ਲਈ ਬੀਰ ਦਲੇਰ ਅਤੇ ਸੁਘੜ ਜਰਨੈਲ ਨੂੰ ਆਪਣੇ ਹੱਥ ਵਿਚ ਰੱਖਣਾ ਚਾਹੁੰਦਾ ਸੀ। ਸ:ਜੱਸਾ ਸਿੰਘ ਵੀ ਇਸ ਖਿਆਲ ਨਾਲ ਆਪਣੀ ਚਾਲ ਤੇ ਸੀ ਕਿ ਅਦੀਨਾ ਬੇਗ ਕੋਲ ਉਹ ਮੁਲਾਜ਼ਮਤ ਕਰਕੇ ਉਹ ਮੁਸਲਮਾਨਾਂ ਦੇ ਸਿੱਖ ਵਿਰੋਧੀ ਇਰਾਦੇ, ਸਾਜਿਸ਼ਾਂ ਅਤੇ ਮੁਗਲਈ ਫੌਜ ਦੇ ਤੌਰ ਤਰੀਕਿਆਂ ਤੋਂ ਵਾਕਫ ਹੋ ਸਕੇ ।ਮੁਗਲਾਂ ਵਿਚ ਰਹਿ ਕੇ ਉਸ ਸਮੇਂ ਉਹ ਸਿੱਖ ਕੌਮ ਦੀ ਵਧੀਕ ਸੇਵਾ ਕਰਨ ਦੀ ਜਾਚਨਾ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਦੀਵਾਨ ਕੌੜਾ ਮੱਲ ਦੀ ਮਿਸਾਲ ਸਾਡੇ ਸਾਹਮਣੇ ਹੈ ਜੋ ਔਖੇ ਵੇਲੇ ਸਿੱਖਾਂ ਦੀ ਮੱਦਦ ਕਰਨ ਵਿਚ ਸਹਾਈ ਹੋਇਆ ।ਇਸੇ ਕਰਕੇ ਸਿੱਖ ਉਸਨੂੰ ਮਿੱਠਾ ਮੱਲ ਆਖਕੇ ਬੁਲਾਇਆ ਕਰਦੇ ਸਨ ।ਅਦੀਨਾ ਬੇਗ ਦੀ ਫੌਜ ਵਿਚ ਸ਼ਾਮਲ ਹੋਣ ਤੇ ਪੰਥਕ ਸਹਿਮਤੀ ਸੰਬੰਧੀ ਇਤਿਹਾਸਕਾਰਾਂ ਦੇ ਮੱਤਭੇਦ ਹਨ ।ਬਾਬਾ ਪ੍ਰੇਮ ਸਿੰਘ ਹੋਤੀ 'ਖਾਲਸਾ ਰਾਜ ਦੇ ਉਸਰਈਏ' ਵਿਚ ਲਿਖਦੇ ਹਨ ਕਿ ਜੱਸਾ ਸਿੰਘ ਰਾਮਗੜ੍ਹੀਆ ਦਲ ਖਾਲਸੇ ਦੀ ਪਰਵਾਨਗੀ ਨਾਲ ਹੀ ਅਦੀਨਾ ਬੇਗ ਦੀਆਂ ਫੌਜਾਂ ਵਿਚ ਰਲਿਆ ਸੀ। ਲਾਹੌਰ ਦੇ ਹਾਕਮ ਮੀਰਮੰਨੂ ਨੇ ਸਿੱਖਾਂ ਤੇ ਸਖਤੀ ਕਰਦੇ ਹੋਇਆਂ ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਵੀ ਰਾਮ ਰੌਣੀ ਦੇ ਕਿਲ੍ਹੇ ਨੂੰ ਘੇਰਾ ਪਾਉਣ ਵਾਸਤੇ ਫੌਜ ਭੇਜਣ ਲਈ ਲਿਖ ਭੇਜਿਆ। ਅਦੀਨਾ ਬੇਗ ਨੇ ਜੋ ਫੌਜ ਭੇਜੀ ਸ:ਜੱਸਾ ਸਿੰਘ ਵੀ ਉਸ ਫੌਜ ਵਿਚ ਸ਼ਾਮਲ ਸੀ ।ਰਾਮ ਰੌਣੀ ਦਾ ਕਿਲ੍ਹਾ ਜੋ ਸਿੱਖ ਅਣਖ ਦਾ ਪ੍ਰਤੀਕ ਸੀ ਅੱਜ ਖਤਰੇ ਵਿਚ ਦਿਸ ਰਿਹਾ ਸੀ। ਇਸ ਨਾਜ਼ੁਕ ਸਮੇਂ ਅਪਸੀ ਰੰਜਸ਼ ਜਾਂ ਮੱਤਭੇਦ ਭੁਲਾ ਕੇ ਜੱਸਾ ਸਿੰਘ ਅਦੀਨਾ ਬੇਗ ਦੀ ਫੌਜ ਨੂੰ ਛੱਡ ਕੇ ਇਕ ਰਾਤ ਕਿਲ੍ਹੇ ਅੰਦਰ ਚਲਾ ਗਿਆ ਤੇ ਗੁਰ-ਭਾਈਆਂ ਨੇ ਉਸ ਦਾ ਨਿੱਘਾ ਸੁਆਗਤ ਕੀਤਾ। ਕਿਲ੍ਹੇ ਵਿਚ ਆਉਣ ਅਤੇ ਭਰਾਵਾਂ ਨਾਲ ਰਲਣ ਤੇ ਹੀ ਸ:ਜੱਸਾ ਸਿੰਘ ਨੇ ਬੱਸ ਨਹੀਂ ਕੀਤੀ। ਅੰਦਰਲੀ ਫੌਜ ਦੀ ਸਾਰੀ ਕਮਾਨ ਅਪਣੇ ਹੱਥ ਵਿਚ ਲੈ ਲਈ। ਦੀਵਾਨ ਕੌੜਾ ਮੱਲ ਨਾਲ ਆਪਣਾ ਅਸਰ ਰਸੂਖ ਵਰਤ ਕੇ ਰਾਮ ਰੌਣੀ ਤੋਂ ਘੇਰਾ ਵੀ ਚੁਕਵਾ ਲਿਆ ।ਪੰਥ ਲਈ ਅਦੁਤੀ ਸੇਵਾ ਤੇ ਸਮੇਂ ਸਿਰ ਕੀਤੀ ਸਹਾਇਤਾ ਸਦਕੇ ਹਰ ਪਾਸਿਉਂ ਸ:ਜੱਸਾ ਸਿੰਘ ਦੀ ਦਲੇਰੀ ਬੀਰਤਾ ਅਤੇ ਨਿਡਰਤਾ ਦੀ ਸ਼ਲਾਘਾ ਹੋਈ। ਰਾਮ ਰੌਣੀ ਦਾ ਨਾਉਂ ਬਦਲ ਕੇ ਰਾਮਗੜ੍ਹ ਰੱਖ ਦਿੱਤਾ ਗਿਆ ਤੇ ਸ:ਜੱਸਾ ਸਿੰਘ ਨੂੰ ਉਸ ਦਾ ਕਿਲ੍ਹੇਦਾਰ ਥਾਪ ਦਿੱਤਾ। ਸ:ਜੱਸਾ ਸਿੰਘ ਤੇ ਉਸ ਦੇ ਸਾਥੀ 'ਰਾਮਗੜ੍ਹੀਏ' ਪਦਵੀ ਨਾਲ ਨਿਵਾਜੇ ਗਏ ।ਸ; ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ:

ਰਾਮ ਰੌਣੀ ਰਾਮ ਗੜ੍ਹ ਭਇ, ਤਿਸ ਦਿਨ ਤੇ ਮਸ਼ਹੂਰ।
ਠੋਕੇ ਰਾਮਗੜ੍ਹੀਏ ਭਏ, ਲੜੇ ਜੋ ਵਖਤ ਜ਼ਰੂਰ।

ਸੰਨ 1748 ਦੇ ਘੇਰੇ ਤੋਂ ਬਾਦ ਮੁਗਲਾਂ ਤੇ ਪਠਾਨਾਂ ਨੇ ਕਈ ਵਾਰ ਇਸ ਕਿਲ੍ਹੇ ਨੂੰ ਢਾਹਿਆ ਤੇ ਧਰਤੀ ਨਾਲ ਮਿਲਾਇਆ ਪਰ ਸ: ਜੱਸਾ ਸਿੰਘ ਨੇ ਹਰ ਵਾਰ ਹੀ ਪੂਰਨ ਲਗਨ ਤੇ ਪਿਆਰ ਨਾਲ ਉਸਾਰਿਆ ।ਇਸ ਦੇ ਨਾਮ ਅਤੇ ਹੋਂਦ ਨੂੰ ਕਾਇਮ ਰੱਖਣ ਦਾ ਮਾਣ ਵੀ ਉਸੇ ਨੂੰ ਹੀ ਮਿਲਦਾ ਰਿਹਾ। ਸੰਨ 1749 ਵਿਚ ਮੀਰਮੰਨੂ ਦਾ ਪਹਿਲਾ ਨਿਸ਼ਾਨਾ ਰਾਮਗੜ੍ਹ ਦਾ ਕਿਲ੍ਹਾ ਹੀ ਹੋਇਆ ਜੋ ਢਾਹ ਢੇਰੀ ਕਰ ਦਿੱਤਾ ਗਿਆ। ਮੀਰਮੰਨੂ ਦੀ ਮੌਤ ਉਪਰੰਤ 1753 ਵਿਚ ਸ:ਜੱਸਾ ਸਿੰਘ ਰਾਮਗੜ੍ਹੀਆ ਨੇ ਅਪਣੇ ਸਾਥੀਆ ਦੀ ਸਹਾਇਤਾ ਨਾਲ ਮਜ਼ਬੂਤ ਕਿਲ੍ਹਾ ਉਸਾਰ ਦਿੱਤਾ ।ਸੰਨ 1757 ਵਿਚ ਤੈਮੂਰ ਖਾਂ ਨੇ ਰਾਮਗੜ੍ਹ ਕਿਲ੍ਹੇ ਨੂੰ ਢਾਹਿਆ ਤੇ ਗੁਰਦੁਆਰਾ ਇਮਾਰਤਾਂ ਨੂੰ ਨੁਕਸਾਨ ਵੀ ਪਹੁੰਚਾਇਆ। ਮਰਹੱਟੇ ਅਦੀਨਾ ਬੇਗ ਤੈਮੂਰ ਖਾਂ ਦੀ ਅਪਸੀ ਖਿਚੋਤਾਣ ਸਮੇਂ ਰਾਮਗੜ੍ਹੀਆ ਸਰਦਾਰ ਨੇ ਪਹਿਲੀ ਥਾਂ ਤੇ ਰਾਮਗੜ੍ਹ ਕਿਲ੍ਹਾ ਫੇਰ ਉਸਾਰ ਦਿੱਤਾ।

ਸੰਨ 1761 ਤੋਂ ਲੈ ਕੇ 1767 ਤਕ ਅਹਿਮਦ ਸ਼ਾਹ ਅਬਦਾਲੀ ਨੇ ਸਤਾਰਾਂ ਦੇ ਕਰੀਬ ਹਮਲੇ ਕੀਤੇ। ਸਤਾਰਾਂ ਸੋ ਇਕਾਠ ਦੀ ਪਾਣੀਪੱਤ ਦੀ ਤੀਜੀ ਜੰਗ ਤੋਂ ਬਾਦ ਜ਼ਿਆਦਾ ਹਮਲੇ ਪੰਜਾਬ ਤੇ ਹੀ ਹੋਏ ਕਿਉਂਕਿ ਦਿੱਲੀ ਜੇਤੂ ਦੀ ਹੈਸੀਅਤ ਵਿਚ ਵਾਪਸ ਮੁੜਦੇ ਸਮੇਂ ਸਿੰਘਾਂ ਨੇ ਅਬਦਾਲੀ ਦੇ ਨੱਕ ਵਿਚ ਦਮ ਕਰ ਦਿੱਤਾ ਸੀ। ਖਾਲਸੇ ਨੇ ਅਹਿਮਦਸ਼ਾਹ ਦੀ ਲੁੱਟ ਦੇ ਮਾਲ ਵਿਚ ਹਿੱਸਾ ਵੰਡਾਇਆ। ਕੈਦ ਕੀਤੀਆਂ ਹੋਈਆਂ ਬਹੂ ਬੇਟੀਆਂ ਨੂੰ ਵੀ ਛੁਡਵਾਈਆਂ ।ਪੰਜਾਂ ਦਰਿਆਵਾਂ ਨੂੰ ਪਾਰ ਕਰਦੇ ਸਮੇਂ ਸ:ਜੱਸਾ ਸਿੰਘ ਰਾਮਗੜ੍ਹੀਆ, ਸ:ਜੱਸਾ ਸਿੰਘ ਆਹਲੂਵਾਲੀਆ, ਸ:ਚੜ੍ਹਤ ਸਿੰਘ ਸ਼ੁਕਰਚੱਕੀਆ ਤੇ ਸ:ਭਾਗ ਸਿੰਘ ਸਿੱਖ ਸਰਦਾਰਾਂ ਨੇ ਜ਼ੇਹਲਮ ਦਰਿਆ ਤਕ ਅਬਦਾਲੀ ਨੂੰ ਸੁੱਖ ਦਾ ਸਾਹ ਨਾ ਲੈਣ ਦਿੱਤਾ। ਸੰਨ 1762 ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਹੋਏ ਵੱਡੇ ਘਲੂਘਾਰੇ ਸਮੇਂ ਸ:ਜੱਸਾ ਸਿੰਘ ਰਾਮਗੜ੍ਹੀਆ ਆਪਣੇ ਸਾਥੀਆਂ ਸਮੇਤ ਅਬਦਾਲੀ ਦੀਆਂ ਫੌਜਾਂ ਉੱਤੇ ਹੱਲੇ ਕਰਨ ਵਿਚ ਸਭ ਤੋਂ ਮੂਹਰੇ ਸੀ। ਕਾਜ਼ੀ ਨੂਰ ਮੁਹੰਮਦ ਨੇ ਇਸ ਲੜਾਈ ਵਿਚ ਰਾਮਗੜ੍ਹੀਆ ਸਰਦਾਰ ਦੀ ਬਹਾਦਰੀ ਨੂੰ ਇਉਂ ਵਰਣਨ ਕੀਤਾ ਹੈ : "ਦੂਜੇ ਪਾਸਿਉਂ ਕੁੱਤੇ (ਸਿੱਖ) ਵੀ ਇਕ ਚੰਗੀ ਸੰਗੱਠਤ ਫੌਜ ਲਈ ਆ ਰਹੇ ਸਨ। ਉਨ੍ਹਾਂ ਦਾ ਆਗੂ ਜੱਸਾ (ਸਿੰਘ) ਕਲਾਲ (ਆਹਲੂਵਾਲੀਆ) ਇਕ ਪਹਾੜ ਵਾਂਗ ਵਧਿਆ ਆ ਰਿਹਾ ਸੀ। ਉਹਦੇ ਨਾਲ ਇਕ ਹੋਰ ਜੱਸਾ (ਸਿੰਘ) ਠੋਕਾ (ਰਾਮਗੜ੍ਹੀਆ) ਸੀ, ਜੋ ਉਨ੍ਹਾਂ ਕੁਤਿਆਂ (ਸਿੱਖਾਂ) ਦੇ ਵਿਚਕਾਰ ਇਕ ਬਿਫਰੇ ਹੋਏ ਸ਼ੇਰ ਵਾਂਗ ਜਾਪਦਾ ਸੀ। ਉਸ ਦੇ ਨਾਲ ਉੱਥੇ ਹੋਰ ਵੀ ਕਈ ਕੁੱਤੇ (ਸਿੱਖ) ਸਨ।"

ਸੰਨ 1767 ਵਿਚ ਅਬਦਾਲੀ ਦਾ ਪੰਜਾਬ ਤੇ ਆਖਰੀ ਹਮਲਾ ਸੀ ।ਲਾਹੌਰ ਤੇ ਕਬਜ਼ਾ ਕਰਨ ਪਿਛੋਂ ਅਫਗਾਨ ਜਰਨੈਲ ਜਹਾਨ ਖਾਨ ਨੇ ਅੰਮ੍ਰਿਤਸਰ ਤੇ ਹਮਲਾ ਕੀਤਾ ।ਸਿੱਖ ਆਗੂਆਂ ਨੇ ਡੱਟ ਕੇ ਅਹਿਮਦਸ਼ਾਹ ਦੀਆਂ ਫੌਜਾਂ ਦਾ ਟਾਕਰਾ ਕੀਤਾ ।ਤਿੰਨ ਘੰਟੇ ਦੀ ਲੜਾਈ ਤੋਂ ਬਾਅਦ ਜਹਾਨ ਖਾਨ ਦੇ ਹਮਲੇ ਨੂੰ ਤਾਂ ਥੰਮ ਦਿੱਤਾ ਪਰ ਸਿੱਖ ਫੌਜਾਂ ਨੂੰ ਪਿਛੇ ਧੱਕਣ ਵਿਚ ਅਬਦਾਲੀ ਫੌਜਾਂ ਕਾਮਯਾਬ ਹੋ ਗਈਆਂ। ਜਦ ਅਹਿਮਦ ਸ਼ਾਹ ਨੇ ਬਿਆਸਾ ਨੂੰ ਪਾਰ ਕੀਤਾ ਤਾਂ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੀਆਂ ਫੌਜਾਂ ਨੇ ਅਫਗਾਨੀ ਫੌਜ ਦਾ ਡਟ ਕੇ ਮੁਕਾਬਲਾ ਕੀਤਾ ।ਸਖਤ ਲੜਾਈ ਹੋਈ ਤੇ ਦੋਹਾਂ ਪਾਸਿਉਂ ਕਾਫੀ ਆਦਮੀ ਮਾਰੇ ਗਏ। ਸਿੱਖ ਸਰਦਾਰਾਂ ਨੇ ਅਜਿਹੇ ਜ਼ੋਰ ਨਾਲ ਹੱਲਾ ਕੀਤਾ ਕਿ ਅਫਗਾਨੀ ਫੌਜਾਂ ਵਿਚ ਭਾਜੜ ਪੈ ਗਈ। ਅਹਿਮਦ ਸ਼ਾਹ ਅਬਦਾਲੀ ਆਪ ਮੈਦਾਨ ਵਿਚ ਆਇਆ। ਘੋਰ ਯੁੱਧ ਵਿਚ ਦੋਹੀਂ ਪਾਸੀਂ ਇਕ ਹਜ਼ਾਰ ਆਦਮੀ ਮਾਰੇ ਗਏ ।ਇਸ ਯੁੱਧ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਸਰਦਾਰ ਵੀ ਫੱਟੜ ਹੋ ਗਿਆ ਤੇ ਰਾਇ ਕੱਲੇ ਦੇ ਕੋਟ ਵੱਲ ਚਲੇ ਗਏ । ਸਿੱਖਾਂ ਦੀ ਸਾਰੀ ਫੌਜ ਦੀ ਕਮਾਨ ਨੂੰ ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਸੰਭਾਲਿਆ ।ਦ੍ਰਿੜਤਾ ਤੇ ਬਹਾਦਰੀ ਨਾਲ ਜੰਗ ਜਾਰੀ ਰੱਖੀ । ਦਿਨ ਰਾਤ ਘੋੜੇ ਦੀ ਕਾਠੀ ਤੇ ਕੱਟਣੀ ਸ਼ੁਰੂ ਕਰ ਦਿੱਤੀ ।ਗੁਰੀਲਾ ਢੰਗ ਦੀ ਲੜਾਈ ਨੇ ਅਹਿਮਦ ਸ਼ਾਹ ਨੂੰ ਪਰੇਸ਼ਾਨ ਕਰ ਦਿੱਤਾ ।ਰਾਮਗੜ੍ਹੀਆ ਸਰਦਾਰ ਨੂੰ ਘੇਰਨ ਦੀ ਬਹੁੱਤ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਨਿੱਤ ਦੀਆਂ ਮੁਹਿੰਮਾਂ ਤੋਂ ਤੰਗ ਆ ਕੇ ਅਹਿਮਦ ਸ਼ਾਹ ਨੂੰ ਪਿਛੇ ਹਟਣਾ ਪਿਆ ।ਅਬਦਾਲੀ ਨੇ ਸਿੱਖਾਂ ਨਾਲ ਸ਼ਾਤਮਈ ਸਮਝੌਤਾ




*We are able to do the following by phone, email, and walk-in:*

- Renewals
- Some Changes to Autoplan
- Parking Or Storage Insurance, Permits

The following is insurance to be done as walk -in to the office:

- New Plates and New Policies
- Changes to Autoplan
- Cancellations, Permits
- We also sell Home, Business, and Travel Insurance

*We practice social distancing*

*Visit us at one of our two locations during the following hours for walk-ins service:*

Nationwide Insurance Agency Ltd.
Mon-Friday 9:00 am to 8:00 pm, Sat – 9:00 to 5:00 pm
Sun 10:00 to 6:00 pm, Open on Stat holidays

Alpine Insurance Agencies Ltd.
Mon-Friday 9:00 am to 6:00 pm, Sat – 9:00 to 4:00 pm
#109 – 4061 200 St., Langley, BC



Rad
NATIONWIDE INSURANCE AGENCY 2018 LTD.
T: 604.562.1234
#104-9093-King George Blvd, Surrey BC
info@nationwideltd.ca
www.nationwideltd.ca



ਕਰਨ ਦੀ ਇੱਛਾ ਵੀ ਪਰਗਟ ਕੀਤੀ ਪਰ ਉਸ ਦੀ ਇਹ ਪੇਸ਼ਕਸ਼ ਸਿੱਖਾਂ ਨੇ ਠੁਕਰਾ ਦਿੱਤੀ। ਮੁਗ਼ਲ ਰਾਜ ਨੂੰ ਖਤਮ ਕਰਨ ਵਾਲਾ ਤੇ ਮਰਹੱਟਿਆ ਵਿਰੁੱਧ ਜਿੱਤ ਪ੍ਰਾਪਤ ਕਰਨ ਵਾਲਾ ਪਾਣੀਪੱਤ ਦਾ ਇਹ ਯੋਧਾ, ਹਥਿਅਰਬੰਦ ਸਿੱਖ ਕੌਮ ਦੀ ਅਜਿੱਤ ਦਲੇਰੀ ਤੇ ਖਾਲਸਈ ਸ਼ਕਤੀ ਦੇ ਸਾਹਮਣੇ ਬੇਬੱਸ ਹੋ ਕੇ ਵਾਪਸ ਪਰਤ ਗਿਆ।

ਮਿਸਲਾਂ ਦੇ ਸਿੱਖ ਸਰਦਾਰਾਂ ਨੇ ਹੁਣ ਅਪਣੇ ਇਲਾਕੇ ਵਧਾਉਣੇ ਸ਼ੁਰੂ ਕਰ ਦਿੱਤੇ।ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਸਭ ਤੋਂ ਪਹਿਲਾਂ ਬਟਾਲਾ, ਕਲਾਨੌਰ, ਦੀਨਾ ਨਗਰ, ਸ੍ਰੀ ਹਰਗੋਬਿੰਦ ਪੁਰ,ਸ਼ਾਹਪੁਰ ਕੰਢੀ, ਕਾਦੀਆਂ ਅਤੇ ਘੁੰਮਾਣ ਉਪਰ ਆਪਣਾ ਅਧਿਕਾਰ ਜਮਾਇਆ।ਇਸ ਇਲਾਕੇ ਨੂੰ ਰਿਆੜਕੀ ਕਰਕੇ ਸੱਦਿਆ ਜਾਂਦਾ ਸੀ। ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲਿਆ ਵਿਚੋਂ ਇਹ ਸਭ ਤੋਂ ਉਪਜਾਊ ਇਲਾਕਾ ਸੀ।ਇਸ ਤਰ੍ਹਾਂ ਸਾਲਾਨਾ ਆਮਦਨ ਛੇ ਤੋਂ ਦਸ ਲੱਖ ਤੱਕ ਪਹੁੰਚ ਗਈ।ਵਰਤਮਾਨ ਹੁਸ਼ਿਆਰਪੁਰ ਜ਼ਿਲੇ ਨਾਲ ਲਗਦੇ ਇਲਾਕੇ ਮਨੀਵਾਲ, ਉੜਮੁੜ ਟਾਂਡਾ, ਸਰਹੀਂ, ਮੰਗੋਵਾਲ, ਮਿਆਣੀ ਦੀਪਾਲ ਪੁਰ, ਰੋਹਿਲ ਤੇ ਸ਼ਰੀਫ ਗੰਜ ਆਪਣੇ ਅਧੀਨ ਕੀਤੇ।ਅਦੀਨਾ ਬੇਗ ਸਮੇਂ ਇਹ ਇਲਾਕੇ ਸ: ਜੱਸਾ ਸਿੰਘ ਰਾਮਗੜ੍ਹੀਆ ਦੀ ਜਗੀਰ ਵਿਚ ਹੋਇਆ ਕਰਦੇ ਸਨ। ਹੁਣ ਰਾਮਗੜ੍ਹੀਆ ਮਿਸਲ ਦੀ ਸਾਲਾਨਾ ਆਮਦਨ ਦਸ ਲੱਖ ਤਕ ਪਹੁੰਚ ਗਈ।

ਅੱਜ ਤੀਕ ਕਿਸੇ ਵੀ ਸਿੱਖ ਆਗੂ ਨੇ ਪਹਾੜੀ ਇਲਾਕਿਆ ਨੂੰ ਆਪਣੇ ਅਧੀਨ ਕਰਨ ਬਾਰੇ ਨਹੀਂ ਸੀ ਸੋਚਿਆ।ਸਭ ਤੋਂ ਪਹਿਲਾਂ ਕਾਂਗੜੇ ਦੀ ਰਿਆਸਤ ਨੂੰ ਅਪਣੇ ਅਧੀਨ ਕੀਤਾ। ਘੁਮੰਡ ਚੰਦ ਨੇ ਚਾਰ ਹਜ਼ਾਰ ਸਾਲਾਨਾ ਕਰ ਦੇਣਾ ਮੰਨਜ਼ੂਰ ਕੀਤਾ ਤੇ ਇਹ ਕਰ ਉਹ ਰਾਮਗੜ੍ਹੀਆ ਮਿਸਲਦਾਰ ਨੂੰ 1776 ਤੱਕ ਬਰਾਬਰ ਦਿੰਦਾ ਰਿਹਾ। ਰਿਆਸਤ ਨੂਰਪੁਰ ਦੇ ਰਾਜੇ ਪ੍ਰਿਥਵੀ ਸਿੰਘ ਨੇ ਵੀ ਰਾਮਗੜ੍ਹੀਏ ਸਰਦਾਰ ਦੀ ਪ੍ਰਮੁਖਤਾ ਮੰਨ ਲਈ ਤੇ ਸਾਲਾਨਾ ਕਰ ਦੇਣਾ ਮੰਨ ਲਿਆ। ਚੰਬਾ ਰਿਆਸਤ ਦੇ ਰਾਜਾ ਰਾਜ ਸਿੰਘ ਨੇ ਵੀ ਸਾਲਾਨਾ ਕਰ ਦੇਣਾ ਪਰਵਾਨ ਕੀਤਾ। ਹੋਰ ਕਈ ਛੋਟੀਆਂ ਪਹਾੜੀ ਰਿਆਸਤਾਂ ਜਸਵਾਂ, ਦੀਪਾਲ ਪੁਰ, ਅਨਾਰ ਪੁਰ, ਹਰੀ ਪੁਰ, ਦਾਤਾਰ ਪੁਰ ਤੇ ਜੇਠੇਵਾਲ ਨੂੰ ਵੀ ਰਾਮਗੜ੍ਹੀਆ ਸਰਦਾਰ ਨੇ ਆਪਣੇ ਅਧੀਨ ਕੀਤਾ। ਇਨ੍ਹਾਂ ਰਿਆਸਤਾਂ ਵਿਚੋਂ ਦੋ ਲੱਖ ਰੁਪਏ ਸਾਲਾਨਾ ਕਰ ਆਉਂਦਾ ਸੀ। ਰਾਮਗੜ੍ਹੀਆ ਮਿਸਲ ਦੀਆਂ ਹੱਦਾਂ ਹੁਣ ਦੂਰ ਤੱਕ ਵਧ ਗਈਆਂ ਸਨ। ਬਿਆਸ ਅਤੇ ਰਾਵੀ ਵਿਚਕਾਰਲਾ ਪਹਾੜੀ ਇਲਾਕਾ ਅਤੇ ਜਲੰਧਰ ਦੁਆਬੇ ਦਾ ਮੈਦਾਨੀ ਇਲਾਕਾ ਸ: ਜੱਸਾ ਸਿੰਘ ਰਾਮਗੜ੍ਹੀਆ ਦਾ ਰਾਜ ਵਿਚ ਸ਼ਾਮਲ ਸੀ।

ਜਿੱਤੇ ਹੋਏ ਤੇ ਖਿੰਡੇ ਪੁੰਡੇ ਇਲਾਕਿਆਂ ਨੂੰ ਸੰਗੱਠਤ ਕਰਨ ਤੇ ਪੱਕੇ ਰਾਜ ਪ੍ਰਬੰਧ ਲਈ ਰਾਮਗੜ੍ਹੀਆ ਸਰਦਾਰ ਸ: ਜੱਸਾ ਸਿੰਘ ਨੇ ਰਾਜ ਪ੍ਰਬੰਧ ਲਈ ਹੁਣ ਸੁਲਝੀ ਹੋਈ ਸਕੀਮ ਬਣਾਈ। ਬਟਾਲਾ ਆਪਣੇ ਭਰਾ ਮਾਲੀ ਸਿੰਘ ਅਤੇ ਕਲਾਨੌਰ ਆਪਣੇ ਦੂਜੇ ਭਰਾ ਤਾਰਾ ਸਿੰਘ ਦੇ ਸਪੁਰਦ ਕੀਤੇ।ਰਾਮਗੜ੍ਹ ਕਿਲ੍ਹੇ ਤੋਂ ਮੁਢਲੀ ਰਾਜਧਾਨੀ ਨੂੰ ਬਦਲ ਕੇ ਸ੍ਰੀ ਹਰਗੋਬਿੰਦ ਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਜੋ ਜਿੱਤੇ ਹੋਏ ਇਲਾਕਿਆਂ ਦੇ ਕੇਂਦਰ ਵਿਚ ਸੀ।ਪਹਾੜੀ ਰਿਆਸਤਾਂ ਤੇ ਨਜ਼ਰ ਰੱਖਣ ਲਈ ਤਲਵਾੜਾ ਵਿਚ ਕਿਲ੍ਹਾ ਉਸਾਰਿਆ। ਭਾਈ ਮਾਲੀ ਸਿੰਘ ਦੀ ਕਮਾਨ ਹੇਠ ਚਾਰ ਹਜ਼ਾਰ ਸਵਾਰ ਇਥੇ ਹਰ ਵੇਲੇ ਮੌਜੂਦ ਰਹਿੰਦੇ ਸਨ। ਆਪੋ ਆਪਣੇ ਰਾਜ ਭਾਗ ਨੂੰ ਵਧਾਉਣ ਅਤੇ ਇਲਾਕੇ ਅਧੀਨ ਕਰਨ ਦੀ ਲਾਲਸਾ ਸਿੱਖ ਮਿਸਲਾਂ ਵਿਚ ਹੁਣ ਘਰ ਕਰ ਗਈ ਸੀ।ਮਿਸਲਦਾਰ ਸਿੱਖ ਸਰਦਾਰਾਂ ਦੇ ਆਪਸੀ ਮੱਤਭੇਦਾਂ ਕਰਕੇ ਗੰਢ ਤੁਪਾਂ ਦਾ ਦੌਰ ਸ਼ੁਰੂ ਹੋ ਗਿਆ। ਸਾਂਝਾ ਦੁਸ਼ਮਨ ਨਾ ਹੋਣ ਕਾਰਨ ਖਾਲਸਈ ਮਿਸਲਾਂ ਵਿਚ ਖਾਨਾਜੰਗੀ ਮਾਹੌਲ ਸਿਰਜ ਪਿਆ।ਕਨ੍ਹਈਏ ਆਹਲੂਵਾਲੀਏ ਤੇ ਸ਼ੁਕਰਚੱਕੀਏ ਮਿਸਲਦਾਰ ਜੋ ਕਦੇ ਬਾਹਰੀ ਧਾੜਵੀਆਂ ਦੇ ਮੁਕਾਬਲੇ ਇਕੱਠੇ ਹੋ ਕੇ ਕਰਿਆ ਕਰਦੇ ਸਨ ਹੁਣ ਉਹ ਰਾਮਗੜ੍ਹੀਆ ਮਿਸਲ ਦੇ ਦੁਸ਼ਮਨ ਬਣ ਬੈਠੇ। ਜੱਸਾ ਸਿੰਘ ਸਰਦਾਰ ਪਾਸੋਂ ਉਸਦੇ ਸਾਰੇ ਇਲਾਕੇ ਖੋਹ ਕੇ 1776 ਵਿਚ ਸਤਲੁਜੋਂ ਪਾਰ ਜਾਣ ਤੇ ਮਜਬੂਰ ਕਰ ਦਿੱਤਾ।

ਸਤਲੁਜ ਪਾਰ ਕਰਨ ਪਿਛੋਂ ਪਟਿਆਲਾ ਦੇ ਰਾਜਾ ਅਮਰ ਸਿੰਘ ਨੇ ਸ:ਜੱਸਾ ਸਿੰਘ ਰਾਮਗੜ੍ਹੀਆ ਦਾ ਨਿੱਘਾ ਸੁਆਗਤ ਕੀਤਾ।ਇਸ ਸਮੇਂ ਰਾਮਗੜ੍ਹੀਆ ਸਰਦਾਰ ਨਾਲ ਚਾਰ ਹਜ਼ਾਰ ਫੌਜੀ ਜੁਆਨ ਸਨ। ਰਾਮਗੜ੍ਹੀਆ ਸਰਦਾਰਾਂ ਸ: ਜੱਸਾ ਸਿੰਘ ਤੇ ਸਪੁੱਤਰ ਸ: ਜੋਧ ਸਿੰਘ ਨੇ ਸ: ਅਮਰ ਸਿੰਘ ਦੀ ਭੱਟੀਆਂ, ਪਟੌਦੀ ਦਾ ਨਵਾਬ ਅਤੇ ਡੱਲੇਵਾਲੀਆ ਮਿਸਲ ਦੇ ਸਰਦਾਰ ਹਰੀ ਸਿੰਘ ਸਿਆਲਬਾ ਵਿਰੁੱਧ ਰਾਜਾ ਅਮਰ ਸਿੰਘ ਦੀ ਵੱਧ ਚੜ੍ਹ ਕੇ ਮੱਦਦ ਕੀਤੀ।ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੇ ਰਾਜਾ ਅਮਰ ਸਿੰਘ ਦੀ ਵਧਦੀ ਤਾਕਤ ਨੂੰ ਰੋਕਣ ਲਈ ਦਿਲੀਉਂ ਫੌਜ ਭੇਜੀ। ਕਈ ਸਿੱਖ ਸਰਦਾਰ ਸਾਹਿਬ ਸਿੰਘ ਕਾਂਡੀ, ਦੀਵਾਨ ਸਿੰਘ, ਬਘੇਲ ਸਿੰਘ ਅਤੇ ਦੇਸਾ ਸਿੰਘ ਕੈਂਥਲੀਆ ਜਿਨ੍ਹਾਂ ਦੀ ਰਾਜਾ ਅਮਰ ਸਿੰਘ ਨਾਲ ਅਣਬਣ ਸੀ, ਸ਼ਾਹੀ ਫੌਜਾਂ ਵਿਚ ਰਲ ਗਏ। ਰਾਜਾ ਅਮਰ ਸਿੰਘ ਨੇ ਰਾਮਗੜ੍ਹੀਆ ਪਿਓ ਪੁੱਤਰ ਤੋਂ ਸਹਾਇਤਾ ਮੰਗੀ। ਸ:ਜੱਸਾ ਸਿੰਘ ਆਹਲੂਵਾਲੀਆ ਵੀ ਰਾਜਾ ਅਮਰ ਸਿੰਘ ਦੀ ਮੱਦਦ ਲਈ ਪਹੁੰਚ ਗਏ। ਰਾਜਾ ਅਮਰ ਸਿੰਘ ਨੇ ਮੱਹਤਵ ਪੂਰਨ ਥਾਵਾਂ ਰਾਮਗੜ੍ਹੀਏ ਸਰਦਾਰ ਨੂੰ ਸੌਂਪੀਆਂ ਤਾਂ ਕਿ ਉਨ੍ਹਾਂ ਦੀ ਨਿਪੁੰਨ ਜਰਨੈਲੀ ਤੇ ਫੌਜੀ ਯੋਗਤਾ ਤੋਂ ਪੂਰਾ ਫਾਇਦਾ ਉਠਾਇਆ ਜਾ ਸਕੇ।ਸ਼ਾਹੀ ਫੌਜਾਂ ਹਾਰ ਖਾ ਕੇ ਵਾਪਸ ਨੱਠ ਗਈਆਂ।

ਕਈ ਗੁਣਾ ਵੱਧ ਤੇ ਬਲਵਾਨ ਮੁਗ਼ਲ ਫੌਜਾਂ ਉੱਤੇ ਇਸ ਸ਼ਾਨਦਾਰ ਜਿੱਤ ਨਾਲ ਸਿੱਖਾਂ ਦੇ ਹੌਸਲੇ ਹੋਰ ਵੀ ਵਧ ਗਏ। ਗੰਗਾ ਜਮਨਾ ਦੇ ਦੁਆਬ ਵਿਚ ਆਪਣਾ ਦਬਦਬਾ ਕਾਇਮ ਕੀਤਾ। ਸ:ਜੱਸਾ ਸਿੰਘ ਰਾਮਗੜ੍ਹੀਏ ਨੇ ਕਰੋੜੀਆ ਮਿਸਲ ਦੇ ਸਰਦਾਰ ਬਘੇਲ ਸਿੰਘ ਤੇ ਸ:ਗੁਰਦਿੱਤ ਸਿੰਘ ਦੀ ਸਹਾਇਤਾ ਨਾਲ ਤੀਹ ਹਜ਼ਾਰ ਦੀ ਫੋਜ ਲੈ ਕੇ ਮੀਰਾਂਪੁਰ ਤੇ ਮੇਰਠ ਸ਼ਹਿਰ ਜਾ ਘੇਰਿਆ। ਇਨ੍ਹਾਂ ਇਲਾਕਿਆਂ ਦੇ ਹਾਕਮ ਜ਼ਬੀਤਾ ਖਾਨ ਤੋਂ ਦਸ ਹਜ਼ਾਰ ਕਰ ਵਸੂਲ ਕੀਤਾ। ਸਾਲ ਦੇ ਸਾਲ ਸ:ਜੱਸਾ ਸਿੰਘ ਰਾਮਗੜ੍ਹੀਆ ਨੂੰ ਕਰ ਦੇਣ ਦਾ ਇਕਰਾਰ ਵੀ ਕੀਤਾ।ਉੱਤਰ ਪ੍ਰਦੇਸ਼ ਦੇ ਉੱਘੇ ਵਪਾਰਕ ਕੇਂਦਰ ਚੰਦੋਸੀ ਦੇ ਹਮਲੇ ਸਮੇਂ ਕਈ ਲੱਖ ਰੁਪੱਇਆ ਹੱਥ ਲੱਗਿਆ। ਲੁੱਟਮਾਰ ਦੀ ਵੰਡ ਤੋਂ ਰਾਮਗੜ੍ਹੀਆ ਤੇ ਕਰੋੜੀਆ ਮਿਸਲਾਂ ਦੇ ਸਰਦਾਰਾਂ ਦੇ ਰਾਹ ਵੱਖੋਵੱਖ ਹੋ ਗਏ।

ਸਿੱਖ ਸਰਦਾਰਾਂ ਨੇ ਹੁਣ ਦਿੱਲੀ ਉਤੇ ਧਾਵਾ ਕਰਨ ਦਾ ਮਤਾ ਪਕਾਇਆ। ਦਿੱਲੀ ਜਾਂਦਿਆਂ ਜੱਸਾ ਸਿੰਘ ਰਾਮਗੜ੍ਹੀਆ ਨੇ ਦੂਜੇ ਸਰਦਾਰਾਂ ਨਾਲ ਭਰਤਪੁਰ ਦੇ ਜਾਟ ਰਾਜੇ ਕੋਲੋਂ ਇਕ ਲੱਖ ਰੁਪੱਇਆ ਕਰ ਵਜੋਂ ਵਸੂਲ ਕੀਤਾ।ਸਿੱਖ ਫੌਜਾਂ ਮਾਰਚ 1783 ਨੂੰ ਦਿੱਲੀ ਸ਼ਹਿਰ ਵਿਚ ਦਾਖਲ ਹੋ ਗਈਆਂ।ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੂਜਾ ਸਿੱਖ ਫੌਜਾਂ ਦੇ ਮੁਕਾਬਲੇ ਲਈ ਤਿਆਰ ਨਹੀਂ ਸੀ। ਸਿੱਖ ਕਈ ਦਿਨ ਦਿੱਲੀ ਦੇ ਮਾਲਕ ਬਣੇ ਰਹੇ।ਰਾਮਗੜ੍ਹੀਆ ਸਰਦਾਰ ਦੂਜੇ ਸਿੱਖ ਆਗੂਆਂ ਤੋਂ ਵੱਖਰਾ ਹੋ ਕੇ ਹਮਲੇ ਕਰ ਰਿਹਾ ਸੀ, ਪਹਿਲੋਂ ਮੁਗ਼ਲਪੁਰਾ ਜਿਤਿਆ ਫਿਰ ਮਜਨੂੰ ਟਿੱਲੇ ਨੂੰ ਅੱਗ ਲਗਾ ਕੇ ਸ਼ਾਹੀ ਫੌਜਾਂ ਨੂੰ ?ਧਰ ਤੋਰ ਦਿੱਤਾ ਅਤੇ ਆਪ ਰਾਮਗੜ੍ਹੀਆ ਸਰਦਾਰ ਲਾਹੌਰੀ ਦਰਵਾਜ਼ੇ ਰਸਤੇ ਸ਼ਾਹੀ ਲਾਲ ਕਿਲ੍ਹੇ ਵਿਚ ਦਾਖਲ ਹੋ ਗਿਆ। ਧਨ ਤੋਂ ਇਲਾਵਾ ਮੁਗ਼ਲ ਤੋਪਖਾਨੇ ਦੀਆਂ ਚਾਰ ਤੋਪਾਂ, ਬੰਦੂਕਾਂ ਤੇ ਮੁਗ਼ਲਾਂ ਦੀ ਤਾਜਪੋਸ਼ੀ ਵਾਲੀ ਇਤਿਹਾਸਕ ਸਿੱਲ ਲਾਲ ਕਿਲ੍ਹੇ ਵਿਚੋਂ ਪੁੱਟ ਕੇ ਸੰਗਲਾਂ ਨਾਲ ਬੰਨ੍ਹ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਚਰਨਾਂ ਵਿਚ ਹਾਜ਼ਰ ਕੀਤੀ।ਇਹ ਸਿੱਲ ਅਜੇ ਤੱਕ ਰਾਮਗੜ੍ਹੀਆ ਬੁੰਗੇ ਵਿਚ ਦੇਖੀ ਜਾ ਸਕਦੀ ਹੈ।ਦਿੱਲੀ ਦੇ ਸ਼ਾਹ ਆਲਮ ਨੇ ਸ:ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿੱਲੀ ਦੀ ਜਨਤਾ ਵਲੋਂ ਪੰਜ ਸੌ ਰੁਪਏ ਨਜ਼ਰਾਨੇ ਵਜੋਂ ਭੇਟ ਕੀਤੇ ਤੇ ਦਿੱਲੀ ਵਿਚ ਲੁੱਟਮਾਰ ਬੰਦ ਕਰਨ ਦੀ ਬੇਨਤੀ ਕੀਤੀ। ਗਿਆਰਾਂ ਮਾਰਚ 1783 ਨੂੰ ਲਾਲ ਕਿਲ੍ਹੇ ਤੇ ਕੇਸਰੀ ਝੰਡਾ ਲਹਿਰਾਉਣ ਉਪਰੰਤ ਰਾਮਗੜ੍ਹੀਏ ਸਰਦਾਰ ਨੇ ਪੰਜਾਬ ਵੱਲ ਕੂਚ ਕਰ ਦਿੱਤਾ।

**ਸਿੱਖ ਸਰਦਾਰਾਂ ਨੇ ਹੁਣ ਦਿੱਲੀ ਉਤੇ ਧਾਵਾ ਕਰਨ ਦਾ ਮਤਾ ਪਕਾਇਆ। ਦਿੱਲੀ ਜਾਂਦਿਆਂ ਜੱਸਾ ਸਿੰਘ ਰਾਮਗੜ੍ਹੀਆ ਨੇ ਦੂਜੇ ਸਰਦਾਰਾਂ ਨਾਲ ਭਰਤਪੁਰ ਦੇ ਜਾਟ ਰਾਜੇ ਕੋਲੋਂ ਇਕ ਲੱਖ ਰੁਪੱਇਆ ਕਰ ਵਜੋਂ ਵਸੂਲ ਕੀਤਾ।ਸਿੱਖ ਫੌਜਾਂ ਮਾਰਚ 1783 ਨੂੰ ਦਿੱਲੀ ਸ਼ਹਿਰ ਵਿਚ ਦਾਖਲ ਹੋ ਗਈਆਂ।ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੂਜਾ ਸਿੱਖ ਫੌਜਾਂ ਦੇ ਮੁਕਾਬਲੇ ਲਈ ਤਿਆਰ ਨਹੀਂ ਸੀ। ਸਿੱਖ ਕਈ ਦਿਨ ਦਿੱਲੀ ਦੇ ਮਾਲਕ ਬਣੇ ਰਹੇ।ਰਾਮਗੜ੍ਹੀਆ ਸਰਦਾਰ ਦੂਜੇ ਸਿੱਖ ਆਗੂਆਂ ਤੋਂ ਵੱਖਰਾ ਹੋ ਕੇ ਹਮਲੇ ਕਰ ਰਿਹਾ ਸੀ, ਪਹਿਲੋਂ ਮੁਗ਼ਲਪੁਰਾ ਜਿਤਿਆ ਫਿਰ ਮਜਨੂੰ ਟਿੱਲੇ ਨੂੰ ਅੱਗ ਲਗਾ ਕੇ ਸ਼ਾਹੀ ਫੌਜਾਂ ਨੂੰ ?ਧਰ ਤੋਰ ਦਿੱਤਾ ਅਤੇ ਆਪ ਰਾਮਗੜ੍ਹੀਆ ਸਰਦਾਰ ਲਾਹੌਰੀ ਦਰਵਾਜ਼ੇ ਰਸਤੇ ਸ਼ਾਹੀ ਲਾਲ ਕਿਲ੍ਹੇ ਵਿਚ ਦਾਖਲ ਹੋ ਗਿਆ। ਧਨ ਤੋਂ ਇਲਾਵਾ ਮੁਗ਼ਲ ਤੋਪਖਾਨੇ ਦੀਆਂ ਚਾਰ ਤੋਪਾਂ, ਬੰਦੂਕਾਂ ਤੇ ਮੁਗ਼ਲਾਂ ਦੀ ਤਾਜਪੋਸ਼ੀ ਵਾਲੀ ਇਤਿਹਾਸਕ ਸਿੱਲ ਲਾਲ ਕਿਲ੍ਹੇ ਵਿਚੋਂ ਪੁੱਟ ਕੇ ਸੰਗਲਾਂ ਨਾਲ ਬੰਨ੍ਹ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਚਰਨਾਂ ਵਿਚ ਹਾਜ਼ਰ ਕੀਤੀ।**

ਇਸ ਸਮੇਂ ਆਹਲੂਵਾਲੀਆ ਮਿਸਲਦਾਰ ਸ:ਜੱਸਾ ਸਿੰਘ ਆਹਲੂਵਾਲੀਆ 65 ਸਾਲ ਦੀ ਉਮਰ ਭੋਗ ਕੇ 1783 ਵਿਚ ਅਕਾਲ ਚਲਾਣਾ ਕਰ ਗਿਆ। ਰਾਮਗੜ੍ਹੀਆ ਸਰਦਾਰ ਹੁਣ ਜਲਦੀ ਵਾਪਸ ਪੰਜਾਬ ਪਹੁੰਚਣਾ ਚਾਹੁੰਦਾ ਸੀ।ਮਾਲਵੇ ਤੇ ਹਰਿਆਣੇ ਦੇ ਸਿੱਖ ਸਰਦਾਰਾਂ ਨੇ ਆਪਣੇ ਇਲਾਕੇ ਵਿਚੋਂ ਲੰਘਣ ਦਾ ਰਾਹ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ੇਰ ਸਿੰਘ ਬੂੜੀਆ, ਗੁਰਦਿੱਤ ਸਿੰਘ ਡੱਲੇਵਾਲੀਆ, ਬਘੇਲ ਸਿੰਘ ਤੇ ਗੁਰਬਖਸ਼ ਸਿੰਘ ਅੰਬਾਲੇ ਵਾਲੇ ਨੇ ਗੱਠਜੋੜ ਬਣਾ ਕੇ ਰਾਮਗੜ੍ਹੀਆ ਸਰਦਾਰ ਤੇ ਹੱਲਾ ਬੋਲ ਦਿੱਤਾ ਪਰ ਹਾਰ ਖਾਧੀ । ਮੁਆਫੀ ਵਜੋਂ ਤਿੰਨ ਘੋੜੇ ਭੇਟ ਕੀਤੇ। ਹੁਣ ਅੱਗੇ ਵਧਣ ਵਿਚ ਕੋਈ ਰੁਕਾਵਟ ਨਹੀਂ ਸੀ ਤੇ ਇਹ ਫੌਜੀ ਅਮਲਾ ਸਤਲੁਜ ਤੀਕ ਪਹੁੰਚ ਗਿਆ। ਲੁਧਿਆਣੇ ਜਿਲ੍ਹੇ ਵਿਚ ਕੋਟ ਦੇ ਅਸਥਾਨ ਤੇ ਸ਼ੁਕਰਚੱਕੀਆ ਸਰਦਾਰ ਮਹਾਂ ਸਿੰਘ ਦਾ ਦੂਤ ਰਾਇ ਅਹਿਮਦ ਆ ਮਿਲਿਆ ਤੇ ਜੈ ਸਿੰਘ ਕਨ੍ਹਈਆ ਵਿਰੁੱਧ ਜੱਸਾ ਸਿੰਘ ਰਾਮਗੜ੍ਹੀਆ ਕੋਲੋਂ ਸਹਾਇਤਾ ਲਈ ਬੇਨਤੀ ਕੀਤੀ।ਸ:ਜੱਸਾ ਸਿੰਘ ਨੇ ਆਪਣੀ ਦੂਰਅੰਦੇਸ਼ੀ ਨਾਲ ਇਕ ਸੰਧੀ ਪੱਤਰ ਤਿਆਰ ਕਰਵਾਇਆ ਤੇ ਇੰਜ ਲਿਖਤੀ ਸੰਧੀ ਰਾਹੀਂ ਸ਼ੁਕਰਚੱਕੀਆ, ਘੁਮੰਡ ਚੰਦ ਤੇ ਰਾਮਗੜ੍ਹੀਆ ਦਾ ਗੱਠਜੋੜ ਤਿਪੱਖੀ ਸੰਧੀ ਪੱਤਰ ਤੇ ਦਸਖਤਾਂ ਨਾਲ ਪ੍ਰਵਾਨ ਚੜ੍ਹਿਆ।ਜੈ ਸਿੰਘ ਇਸ ਲੜਾਈ ਵਿਚ ਹਾਰ ਗਿਆ ਤੇ ਸ:ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਖੁਸੇ ਹੋਏ ਸਾਰੇ ਇਲਾਕੇ ਦੁਬਾਰਾ ਜਿੱਤ ਲਏ।ਪੰਥ ਦੀ ਚੜ੍ਹਦੀ ਕਲਾ ਲਈ ਹਰ ਸੰਭਵ ਉਪਰਾਲਾ ਕੀਤਾ ਤੇ ਸਿੱਖ ਰਾਜ ਦੀਆਂ ਉਸਾਰੀ ਲਈ ਗੁਰੂ ਦੀ ?ਟ ਸਦਕੇ ਤੇਗ ਦੇ ਜ਼ੋਰ ਨਾਲ ਰਾਜ ਭਾਗ ਕਾਇਮ ਕੀਤਾ ਤੇ ਅਕਾਲਪੁਰਖ ਵਲੋਂ ਬਖਸ਼ੀ ਹੋਈ ਅੱਸੀ ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਪਧਾਰੇ। ਇਤਿਹਾਸਕਾਰਾਂ ਅਨੁਸਾਰ ਉਹਨਾਂ ਦਾ ਅਪਣਾ ਲਿਖਿਆ ਕਬਿੱਤ ਜਿੰਦਗੀ ਦੇ ਓਤਰਾ ਚੜ੍ਹਾ ਤੇ ਜੀਵਨ ਦੇ ਰੰਗ ਮਾਣਦੇ ਹੋਏ ਗੁਰੂ ਸ਼ੁਕਰਾਨੇ ਵਿਚ ਮਹਾਰਾਜਾ ਸਾਹਿਬ ਜੀ ਜ਼ਬਾਨ ਤੇ ਆਮ ਰਹਿੰਦਾ ਸੀ:-

**ਕਬਹੂੰ ਕਬਹੂੰ ਬਾਜ ਹਾਥ, ਬਾਜ ਤੇ ਨਗਾਰੇ ਸਾਥ,**
**ਕਬਹੂੰ ਤੇ ਪਾਇੰ ਪਿਆਦੇ, ਬੋਝ ਸੀਸ ਸਹੀਏ।**
**ਕਬਹੂੰ ਕਬਹੂੰ ਮੇਵੇ ਔ, ਮਠਾਈ ਕੀਨਾ ਰੁਚੀ ਹੋਤ,**
**ਕਬਹੂੰ ਤੇ ਏਕ ਮੁਠੀ, ਨਾਜ ਕੀ ਨਾ ਲਹੀਏ।**
**ਕਬਹੂੰ ਨਿਜ ਦੁਆਰ ਪਰ, ਭਿਖਾਰੀਅਨ ਕੀ ਭੀਰ ਹੋਤ,**
**ਕਬਹੂੰ ਤੇ ਪਰ-ਦੁਆਰ, ਆਪ ਜਾਇ ਬਹੀਏ।**
**ਛੋਡੀਏ ਨਾ ਹਿੰਮਤ, ਵਿਸਾਰੀਏ ਨਾ ਹਰੀ ਨਾਮ,**
**ਜਾਹੂੰ ਬਿਧ ਰਾਮ ਰਾਖੇ, ਤਾਹੂੰ ਬਿਧ ਰਹੀਏ।**




• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE

- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com


HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey

HARDEV SINGH GREWAL
Mortgage Consultant
Cell: 604-500-3920
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

NORTHCOAST LUMBER 1
CALL THE TRUE CONTRACTORS YARD TODAY
604-597-8884


*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks
14682 - 66th Ave, Surrey, BC, V3S 1Z9
Fax: 604-597-0854
www.lumber1.ca/contractor




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ 604-721-4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਖਾਲਸਾ ਪੰਥ ਦੀ ਸਾਜਨਾ

151 ਸੋਲਾਂ ਸੌ ਨੜਿੰਨਵੇਂ ਸਾਲ ਚੜ੍ਹਿਆ, ਦਿਨ ਨੇੜੇ ਵਿਸਾਖੀ ਦਾ ਆਇਆ ਏ।
ਹੁਕਮਨਾਮੇ ਭੇਜ ਦਸਮੇਸ਼ ਪਿਤਾ, ਅਨੰਦਪੁਰ ਸਿੱਖਾਂ ਨੂੰ ਸੱਦ ਬੁਲਾਇਆ ਏ।
ਦੂਰੋਂ ਨੇੜਿਉਂ ਸੰਗਤਾਂ ਪਹੁੰਚ ਗਈਆਂ, ਉਨ੍ਹਾਂ ਮਿਲਿਆ ਹੁਕਮ ਬਜਾਇਆ ਏ।
ਹਰਚੰਦ ਸਿੰਘਾ ਕੇਸਗੜ੍ਹ ਥਾਂ ਉਤੇ, ਤੰਬੂ ਲਾਏ ਤੇ ਮੰਚ ਸਜਾਇਆ ਏ॥
152 ਸਿੱਖ ਸੰਗਤਾਂ ਆਣਕੇ ਸੱਜ ਗਈਆਂ, ਸੇਵਾਦਾਰਾਂ ਨੇ ਸਭ ਬਹਾ ਦਿੱਤੇ।
ਚੜ੍ਹਿਆ ਸੂਰਜ ਪਹਾੜੀਆਂ ਪਾਰ ਕਰਕੇ, ਸ਼ਬਦ ਰਾਗੀਆਂ ਢਾਡੀਆਂ ਗਾ ਦਿੱਤੇ।
ਸਟੇਜ ਉੱਤੇ ਸੀ ਚਾਨਣੀ ਤਾਣ ਦਿੱਤੀ, ਆਸਣ ਫੁੱਲਾਂ ਦੇ ਨਾਲ ਸਜਾ ਦਿੱਤੇ।
ਹਰਚੰਦ ਸਿੰਘਾ ਗੁਰੂ ਜੀ ਜਦ ਆਏ, ਸਭ ਸੰਗਤਾਂ ਸੀਸ ਝੁਕਾ ਦਿੱਤੇ॥
153 ਤੇਜ ਕਦਮੀ ਚੜ੍ਹੇ ਸਟੇਜ ਉਤੇ, ਸਤਿਗੁਰੂ ਸਿੱਖਾਂ ਨੂੰ ਦਰਸ ਦਿਖਾਇਆ ਏ।
ਗੁਰੂ ਚੰਡੀ ਦੀ ਵਾਰ ਦਾ ਪਾਠ ਕੀਤਾ, ਉੱਚੀ ਬੋਲ ਕੇ ਰੋਹ ਚੜ੍ਹਾਇਆ ਏ।
ਪੰਜ ਫੁੱਟੀ ਮਿਆਨ 'ਚੋਂ ਤੇਗ ਧੂਹ ਕੇ, ਮਸਤਕ ਆਪਣਾ ਉਸ ਨੂੰ ਲਾਇਆ ਏ।
ਹਰਚੰਦ ਸਿੰਘਾ ਸੀਸ ਦੀ ਲੋੜ ਸਾਨੂੰ, ਗੁਰਾਂ ਸਭ ਨੂੰ ਬੋਲ ਸੁਣਾਇਆ ਏ॥
154 ਸਿੱਖ ਸੁਣ ਕੇ ਸਭ ਹੈਰਾਨ ਹੋਏ, ਇਹ ਗੁਰਾਂ ਕੀ ਹੁਕਮ ਸੁਣਾ ਦਿੱਤਾ।
ਸਹਿਮ ਛਾ ਗਿਆ ਨੀਵੀਆਂ ਪੈ ਗਈਆਂ, ਸੋਚਾਂ ਵਿੱਚ ਸੀ ਸਭ ਨੂੰ ਪਾ ਦਿੱਤਾ।
ਮੇਰੀ ਤੇਗ ਪਿਆਸੀ ਖ਼ੂਨ ਦੀ ਏ, ਸਮਾਂ ਇਤਨਾ ਤੁਸਾਂ ਕਿਉਂ ਲਾ ਦਿੱਤਾ।
ਹਰਚੰਦ ਸਿੰਘਾ ਵੇਖ ਕੇ ਸਹਿਮਿਆਂ ਨੂੰ, ਤੀਜੀ ਵਾਰ ਸੀ ਬੋਲ ਸੁਣਾ ਦਿੱਤਾ॥
155 ਦਿਯਾ ਰਾਮ ਲਹੌਰ ਦੇ ਰਹਿਣ ਵਾਲਾ, ਸੋਹਣਾ ਗੱਭਰੂ ਉੱਠ ਕੇ ਆਂਵਦਾ ਏ।
ਮੁਆਫ਼ ਕਰਨਾ ਗੁਰੂ ਜੀ ਦੇਰ ਹੋ ਗਈ, ਹੱਥ ਜੋੜ ਕੇ ਭੁੱਲ ਬਖ਼ਸ਼ਾਂਵਦਾ ਏ।
ਪਿਆਸ ਬੁਝਾਓ ਤਲਵਾਰ ਦੀ ਸੈਂ ਵਾਰੀ, ਅੱਗੇ ਗੁਰਾਂ ਦੇ ਸੀਸ ਝੁਕਾਂਵਦਾ ਏ।
ਹਰਚੰਦ ਸਿੰਘਾ ਤੰਬੂ ਦੇ ਵਿੱਚ ਲੈ ਗਏ, ਜੋ ਹੋਇਆ ਤੰਬੂ ਹੀ ਜਾਣਦਾ ਏ॥
156 ਦੂਜੀ ਵਾਰ ਸਟੇਜ ਤੇ ਗੁਰੂ ਆਏ, ਲੋਕੀ ਵੇਖਦੇ ਨਜ਼ਰ ਚੁਰਾਅ ਕੇ ਜੀ।
ਲਹੂ ਲਿੱਬੜੀ ਹੱਥ ਤਲਵਾਰ ਵੇਖੀ, ਕਈ ਖਿਸਕੇ ਉਥੋਂ ਘਬਰਾਅ ਕੇ ਜੀ।
ਇਕ ਸਿਰ ਦੀ ਹੋਰ ਹੈ ਲੋੜ ਮੈਨੂੰ, ਜਿੰਦ ਵਾਰੋ ਕੋਈ ਸੂਰਮਾ ਆ ਕੇ ਜੀ।
'ਧਰਮ ਦਾਸ' ਜੀ ਹਸਤਨਾਪੁਰ ਵਾਲੇ, ਗਏ ਗੁਰਾਂ ਦੇ ਵੱਲ ਨੂੰ ਧਾ ਕੇ ਜੀ॥
157 ਧਰਮ ਦਾਸ ਵੀ ਤੰਬੂ ਦੇ ਵੱਲ ਧੂਹੇ, ਗੁਰਾਂ ਲੋਕਾਂ ਨੂੰ ਹੋਰ ਡਰਾਅ ਦਿੱਤਾ।
ਤੀਜੀ ਵਾਰ ਸਟੇਜ ਤੇ ਆਣ ਉਨ੍ਹਾਂ, ਸਵਾਲ ਸਿਰ ਦਾ ਮੁੜਕੇ ਪਾ ਦਿੱਤਾ।
ਹਿੰਮਤ ਰਾਇ ਸੀ ਹਿੰਮਤ ਦੇ ਨਾਲ ਆਏ, ਗੁਰੂ ਚਰਨੀ ਸੀਸ ਟਿਕਾਅ ਦਿੱਤਾ।
ਚੌਥੀ ਵਾਰ ਸੀ ਮੁਹਕਮ ਚੰਦ ਨਿੱਤਰੇ, ਡਰ ਮੌਤ ਦਾ ਉਨ੍ਹਾਂ ਭੁਲਾਅ ਦਿੱਤਾ॥
158 ਮੁਹਕਮ ਚੰਦ ਦੇ ਜਾਣ ਦੀ ਦੇਰ ਹੈ ਸੀ, ਗਿਣਵੇਂ ਸਿੱਖ ਦੀਵਾਨ ਦੇ ਵਿੱਚ ਰਹਿਗੇ।
ਮੂਹਰੇ ਬੈਠੇ ਸੀ ਚੌਕੜੀ ਮਾਰ ਕੇ ਜੋ, ਇਕ ਦੂਏ ਨੂੰ ਸਤਿ ਕਰਤਾਰ ਕਹਿਗੇ।
ਪੰਜਵੀਂ ਵਾਰ ਜਦ ਨੇਤਰ ਲਾਲ ਕਰਕੇ, ਸਾਹਿਬ ਚੰਦ ਨੂੰ ਫੜਕੇ ਨਾਲ ਲੈ ਗਏ।
ਹਰਚੰਦ ਸਿੰਘਾ ਕੂਣੀਆਂ ਮਾਰ ਲੋਕੀਂ, ਚੱਕ ਚਾਦਰੇ ਕਈ ਸੀ ਰਾਹ ਪੈ ਗਏ॥

### ਮਸੰਦਾਂ ਦੀ ਮਾਤਾ ਜੀ ਨੂੰ ਫ਼ਰਿਆਦ

159 ਮਾਤਾ ਗੁਜਰੀ ਕੋਲ ਮਸੰਦ ਪਹੁੰਚੇ, ਹੱਥ ਜੋੜ ਕੇ ਵਾਸਤੇ ਪਾਉਣ ਲੱਗੇ।
ਗੋਬਿੰਦ ਰਾਇ ਨੂੰ ਖਬਰੇ ਕੀ ਹੋਇਆ, ਆਪਣੇ ਸਿੱਖਾਂ ਨੂੰ ਆਪ ਝਟਕਾਉਣ ਲੱਗੇ।
ਛੇਤੀ ਚੱਲ ਕੇ ਉਨ੍ਹਾਂ ਨੂੰ ਰੋਕ ਮਾਤਾ, ਉਹ ਤੇ ਸਿੱਖਾਂ ਦੀ ਅਲਖ ਮਕਾਉਣ ਲੱਗੇ।
ਮਾਤਾ ਹੱਸ ਕੇ ਆਖਦੀ ਬੁਜ਼ਦਿਲੋ, ਉਹ ਤੇ ਕੌਤਕ ਨੇ ਕੋਈ ਦਿਖਾਉਣ ਲੱਗੇ॥
160 ਘੰਟੇ ਬਾਅਦ ਸਤਿਗੁਰ ਬਾਹਰ ਆਏ, ਪੰਜੇ ਸਿੱਖ ਵੀ ਉਨ੍ਹਾਂ ਦੇ ਨਾਲ ਆਏ।
ਬਸਤਰ ਗੁਰਾਂ ਦੇ ਨਾਲ ਦੇ ਪਹਿਨ ਪੰਜੇ, ਨਾਲ ਸਿਰਾਂ ਦੇ ਸਿਦਕ ਉਹ ਪਾਲ ਆਏ।
ਪਰਚਾ ਔਖਾ ਸੀ ਗੁਰਾਂ ਨੇ ਬਹੁਤ ਪਾਇਆ, ਹਲ ਕਰ ਉਹ ਸਾਰੇ ਸਵਾਲ ਆਏ।
ਰੱਬੀ ਨੂਰ ਸੀ ਛਲਕਦਾ ਚਿਹਰਿਆਂ ਤੇ, ਹਰਚੰਦ ਸਿੰਘਾ ਹੋ ਨਦਿਰ ਨਿਹਾਲ ਆਏ॥
161 ਇਹ 'ਪੰਜ ਪਿਆਰੇ' ਸਿੱਖ ਮੇਰੇ, ਸਤਿਗੁਰ ਪੰਜਾਂ ਨੂੰ ਜਦ ਵਡਿਆਂਵਦੇ ਨੇ।
ਜਿਹੜੇ ਡਰ ਕੇ ਨੀਵੀਆਂ ਘੱਤਗੇ ਸੀ, ਦੇਖ-ਸੁਣ ਕੇ ਬੜਾ ਪਛਤਾਂਵਦੇ ਨੇ।
ਕਿਵੇਂ ਵੱਢ ਕੇ ਗੁਰਾਂ ਨੇ ਜੋੜ ਦਿੱਤੇ, ਦੇਖਣ ਵਾਸਤੇ ਨੇੜੇ ਆਂਵਦੇ ਨੇ।
ਹਰਚੰਦ ਸਿੰਘਾ ਡਰਕੇ ਜੋ ਲੁਕੇ, ਹਾਕਾਂ ਮਾਰ ਕੇ ਫੇਰ ਬੁਲਾਂਵਦੇ ਨੇ॥
162 ਖੰਡਾ-ਬਾਟਾ ਧੁਆਕੇ ਸਾਹਿਬ ਸੱਚੇ, ਪਾਣੀ ਖੂਹ ਦਾ ਉਸ ਵਿਚ ਪਾਇਆ ਏ।
ਪੰਜ ਬਾਣੀਆਂ ਸਾਹਿਬ ਉਚਾਰ ਮੁਖੋਂ, ਖੰਡਾ ਪਾਣੀ ਦੇ ਵਿੱਚ ਘੁਮਾਇਆ ਏ।
ਸਹੀ ਸਮੇਂ ਤੇ ਮਾਤਾ ਸਾਹਿਬ ਦੇਵਾਂ, ਆ ਕੇ ਗੁਰਾਂ ਦਾ ਹੱਥ ਬਟਾਇਆ ਏ।
ਹਰਚੰਦ ਸਿੰਘਾ ਬੁਕ ਪਤਾਸਿਆਂ ਦਾ, ਆ ਕੇ ਪਹੁਲ ਦੇ ਵਿਚ ਮਿਲਾਇਆ ਏ॥
163 ਸਤਿਗੁਰ ਵੇਖ ਕੇ ਬਹੁਤ ਪ੍ਰਸੰਨ ਹੋਏ, ਆਸਣ ਆਪਣੇ ਕੋਲ ਕਰਾ ਦਿੱਤਾ।
ਸ਼ਾਨ ਦੂੱਗਣੀ ਹੋ ਗਈ ਖਾਲਸੇ ਦੀ, ਬਲ ਮਾਤਾ ਜੀ ਹੋਰ ਬਧਾ ਦਿੱਤਾ।
ਪਹੁਲ ਖੰਡੇ ਦੀ ਗੁਰਾਂ ਤਿਆਰ ਕੀਤੀ, ਮਾਤਾ ਆ ਕੇ ਅੰਮ੍ਰਿਤ ਬਣਾ ਦਿੱਤਾ।
ਪੰਥ ਖਾਲਸਾ ਸਾਜ ਹਰਚੰਦ ਸਿੰਘਾ, ਸਾਹਿਬ ਕੌਰ ਦੀ ਗੋਦ ਵਿੱਚ ਪਾ ਦਿੱਤਾ॥
164 ਪੰਜ ਪੰਜ ਚੂਲੇ ਪੰਜਾਂ ਦੇ ਮੂੰਹ ਪਾਏ, ਛੱਟੇ ਮੂੰਹ ਤੇ ਸਤਿਗੁਰਾਂ ਮਾਰ ਦਿੱਤੇ।
ਪੰਜ ਪੰਜ ਚੂਲੇ ਕੇਸਾਂ ਵਿਚ ਪਾ ਕੇ, ਬਣਾ ਦਾਸਾਂ ਤੋਂ ਸਿੰਘ ਸਰਦਾਰ ਦਿੱਤੇ।
ਮਰਦ 'ਸਿੰਘ' ਤੇ ਔਰਤਾਂ 'ਕੌਰ' ਬਣੀਆਂ, ਬਖਸ਼ ਉਨ੍ਹਾਂ ਨੂੰ ਪੰਜ ਕਰਾਰ ਦਿੱਤੇ।
ਅੰਮ੍ਰਿਤ ਪਾਨ ਗੁਰਾਂ ਕਰ ਚੇਲਿਆਂ ਤੋਂ, ਗੁਰੂ-ਚੇਲੇ ਕਰ ਇੱਕੋ ਸਾਰ ਦਿੱਤੇ॥
165 ਸੋਲਾਂ ਸੌ ਨੜਿੰਨਵੇਂ ਈਸਵੀ ਨੂੰ, ਬੂਟਾ ਸਿੱਖੀ ਦਾ ਅਨੰਦਪੁਰ ਲਾ ਦਿੱਤਾ।
ਆਦੀ ਹੋ ਗੁਲਾਮੀ ਦਾ ਜੋ ਸੁੱਤਾ, ਮਰਦਾਂ ਵਿੱਚੋਂ ਸੀ ਮਰਦ ਜਗਾ ਦਿੱਤਾ।
ਜਰ ਲਾਹੀ ਮੌਤ ਤੇ ਮੋਹ ਵਾਲੀ, ਲਾ ਕੇ ਸਾਹਣ ਤੇ ਸਿੰਘ ਚਮਕਾ ਦਿੱਤਾ।
ਹਰਚੰਦ ਸਿੰਘਾ ਕਿਵੇਂ ਕੁਰਬਾਨ ਹੋਣਾ, ਕਰਕੇ ਕੌਮ ਨੂੰ ਗੁਰਾਂ ਵਿਖਾ ਦਿੱਤਾ॥
166 ਪੰਜ ਬੀਜ ਦਸਮੇਸ਼ ਨੇ ਆਪ ਬੀਜੇ, ਪਾਣੀ ਪਹੁਲ ਦਾ ਜੜ੍ਹੀਂ ਪਾਇਆ ਏ।
ਫਿਰ ਪੰਜਾਂ ਨੇ ਪੰਥ ਤਿਆਰ ਕੀਤਾ, ਘਰ ਘਰ ਸੂਰਮਾ ਜਾਇਆ ਏ।
ਲਾਵਾ ਚਿਰਾਂ ਤੋਂ ਪਰਬਤਾਂ ਹੇਠ ਦੱਬਾ, ਪੱਥਰ ਪਾੜ ਕੇ ਬਾਹਰ ਆਇਆ ਏ।
ਹਰਚੰਦ ਸਿੰਘਾ ਗੁਲਾਮੀ ਦੇ ਸੰਗਲਾਂ ਨੂੰ, ਟੱਕ ਸਿਦਕ ਦਾ ਸਿੰਘਾਂ ਨੇ ਲਾਇਆ ਏ॥
167 ਜਿਨ੍ਹਾਂ ਦਿੱਤੀਆਂ ਗੁਰਾਂ ਨੂੰ ਆਣ ਜਾਨਾਂ, ਉਹੋ ਪੰਜੇ ਗੁਰਾਂ ਦੀ ਜਾਨ ਹੋਏ।
ਕੱਲ੍ਹ ਜਿਨ੍ਹਾਂ ਨੂੰ ਕੰਮੀ-ਕੰਗਾਲ ਕਹਿੰਦੇ, ਅੱਜ ਉਹੋ ਪੰਥ ਦੀ ਸ਼ਾਨ ਹੋਏ।
ਗੁਰਾਂ ਉਨ੍ਹਾਂ ਤੋਂ ਛਕਿਆ ਆਪ ਚੂਲਾ, ਉਹ ਤੇ ਗੁਰੂ ਦੇ ਗੁਰੂ ਮਹਾਨ ਹੋਏ।
ਹਰਚੰਦ ਸਿੰਘਾ ਡਿਗਰੀਆਂ ਪਾ ਲਈਆਂ, ਸਫ਼ਲ ਉਨ੍ਹਾਂ ਦੇ ਇਮਤਿਹਾਨ ਹੋਏ॥
168 ਪਹੁਲ ਛਕ ਕੇ ਸਿੱਖਾਂ ਤੋਂ ਸਿੰਘ ਬਣੇ, ਜਿੰਦਾਂ ਗੁਰਾਂ ਦੇ ਨਾਮ ਕਰਾਈਆਂ ਨੇ।
ਸਿਰ ਜਾਏ ਸਿਦਕ ਨਾ ਜਾਏ ਸਾਡਾ, ਸੌਂਹਾਂ ਸਿੰਘਾਂ ਸਿੰਘਣੀਆਂ ਖਾਈਆਂ ਨੇ।
ਪਹੁਲ ਪੀ ਕੇ ਮੌਤ ਤੋਂ ਮੁਕਤ ਹੋਏ, ਗੁਰੂ ਬਖਸ਼ੀਆਂ ਇਹ ਵਡਿਆਈਆਂ ਨੇ।
ਹਰਚੰਦ ਸਿੰਘਾ ਦੇਸ ਦੇ ਜਿੰਦ ਲੇਖੇ, ਬਾਕੀ ਲਾਲਸਾਂ ਸਭ ਮੁਕਾਈਆਂ ਨੇ॥
169 80 ਹਜ਼ਾਰ ਦਾ ਕਹਿੰਦੇ ਸੀ ਕੱਠ ਹੋਇਆ, ਗੁਰੂ ਵਾਲੇ ਸੀ 20 ਹਜ਼ਾਰ ਹੋਏ।
ਵੱਡੇ ਆਪਣੇ ਆਪ ਨੂੰ ਸਮਝਦੇ ਜੋ, ਵਿਚ ਸਭਾ ਦੇ ਸ਼ਰਮ-ਸ਼ਾਰ ਹੋਏ।
ਸਾਨੂੰ ਸੱਦ ਕੇ ਗੁਰਾਂ ਨੇ ਠਿੱਠ ਕੀਤਾ, ਘਰੀਂ ਜਾਣ ਨੂੰ ਉੱਠ ਤਿਆਰ ਹੋਏ।
ਹਰਚੰਦ ਸਿੰਘਾ ਰਾਜੇ ਤੇ ਪੰਡਤਾਂ ਦੇ, ਨਾਲ ਗੁਰਾਂ ਦੇ ਬਹੁਤ ਤਕਰਾਰ ਹੋਏ॥

### ਬ੍ਰਾਹਮਣ ਅਤੇ ਰਾਜੇ

170 ਤੁਸਾਂ ਸ਼ੂਦਰਾਂ, ਵੈਸ਼ਾਂ, ਕੰਮੀਆਂ ਨੂੰ, ਚੱਕ ਸਾਡੇ ਤੋਂ ਉੱਚੇ ਬਹਾਇਆ ਏ।
ਸਾਡਾ ਧਰਮ ਤੇ ਜਾਤ ਭਰਿਸ਼ਟ ਕਰਕੇ, ਬਹੁਤ ਵੱਡਾ ਪਾਪ ਕਮਾਇਆ ਏ।
ਥੋਡੀ ਸਾਡੀ ਹੁਣ ਨਾ ਸਾਂਝ ਕੋਈ, ਸਾਡੇ ਤਨਾਂ ਨੂੰ ਲਾਂਬੂ ਲਾਇਆ ਏ।
ਹਰਚੰਦ ਸਿੰਘਾ ਨਹੀਂ ਮਨਜ਼ੂਰ ਸਾਨੂੰ, ਪੰਥ ਖਾਲਸਾ ਜੋ ਬਣਾਇਆ ਏ॥
171 ਅਗਿਆਨੀ ਰਾਜਿਆਂ ਅਤੇ ਬ੍ਰਾਹਮਣਾਂ ਨੇ, ਘਰ ਘਰ ਦੁਹਾਈ ਪਾ ਦਿੱਤੀ।
ਸਾਨੂੰ ਖਾਲਸਾ ਰਾਜ ਨੇ ਖਾ ਜਾਣਾ, ਫੜ ਫੰਗਾਂ ਦੀ ਡਾਰ ਬਣਾ ਦਿੱਤੀ।
ਸਾਡੇ ਘਰੀਂ ਢੁਕਣਾ ਸ਼ੂਦਰਾਂ ਨੇ, ਗੁਰਾਂ ਉਲਟੀ ਗੰਗਾ ਬਹਾ ਦਿੱਤੀ।
ਹਰਚੰਦ ਸਿੰਘਾ ਅਗਨੀ ਈਰਖਾ ਦੀ, ਹਰ ਮਨ ਦੇ ਵਿੱਚ ਭੜਕਾ ਦਿੱਤੀ॥

### ਪਹਾੜੀ ਰਾਜਿਆਂ ਦਾ ਸੂਬਾ ਸਰਹਿੰਦ ਕੋਲ ਜਾਣਾ

172 ਰਾਜੇ ਆਪ ਤੇ ਗੁਰਾਂ ਤੋਂ ਭੈ ਖਾਂਦੇ, ਮੱਥਾ ਨਾਲ ਨਾ ਇਨ੍ਹਾਂ ਦੇ ਲਾਂਵਦੇ ਨੇ।
ਬੀਰ ਸਿੰਘ ਤੇ ਮਦਨਪਾਲ ਆਏ, ਅਜਮੇਰ ਕਹਿਲੂਰ ਨੂੰ ਨਾਲ ਮਿਲਾਂਵਦੇ ਨੇ।
ਹਿੰਮਤ ਸਿੰਘ ਹੰਢੋਰੀ ਵੀ ਆਣ ਪਹੁੰਚਾ, ਕਈ ਹੋਰ ਵੀ ਸੱਦ ਬੁਲਾਂਵਦੇ ਨੇ।
ਹਰਚੰਦ ਸਿੰਘਾ ਹੋ ਕੇ ਸਭ, ਕੱਠੇ ਵੱਲ ਸੂਬੇ ਸਰਹਿੰਦ ਦੇ ਜਾਂਵਦੇ ਨੇ॥

### ਪਹਾੜੀ ਰਾਜਿਆਂ ਦਾ ਸੂਬੇ ਸਰਹਿੰਦ ਨੂੰ ਆਖਣਾ

173 ਸੂਬੇਦਾਰ ਜੀ ਗੁਰਾਂ ਨੇ ਅੱਤ ਚੱਕੀ, ਰਾਜੇ ਜਾ ਕੇ ਦੁੱਖ ਸੁਨਾਉਣ ਲੱਗੇ।
ਪਹਿਲਾਂ ਦੇਵੀ ਪ੍ਰਗਟ ਉਸ ਕੀਤੀ, ਹੁਣ ਅੰਮ੍ਰਿਤ ਉਹੋ ਛਕਾਉਣ ਲੱਗੇ।
ਨਾਈ, ਜੱਟ, ਲੁਹਾਰ ਤੇ ਝਿਉਰ, ਮੋਚੀ, ਪਹੁਲ ਦੇ ਕੇ ਸਿੰਘ ਸਜਾਉਣ ਲੱਗੇ।
ਹਰਚੰਦ ਸਿੰਘਾ ਸਭ ਜਵਾਨ, ਬੰਨ੍ਹ ਟੋਲੀਆਂ ਪਿੰਡਾਂ ਤੋਂ ਆਉਣ ਲੱਗੇ॥
174 ਸੱਦੋ ਦਿੱਲੀ ਤੋਂ ਤੁਰੰਤ ਹੀ ਫ਼ੌਜ ਭਾਰੀ, ਸਮਾਂ ਬੀਤਿਆ ਹੱਥ ਨਾ ਆਵਣਾ ਏ।
ਉਹ ਤੇ ਪਹਿਲਾਂ ਹੀ ਬਹੁਤ ਬਲਵਾਨ ਹੈ ਜੀ, ਉਹੋ ਫਿਰ ਨਾ ਜਿੱਤਿਆ ਜਾਵਨਾ ਏ।
ਪੰਜ ਕਿਲ੍ਹੇ ਫ਼ੌਜਾਂ ਦੇ ਨਾਲ ਭਰ ਲਏ, ਅਚਾਨਕ ਸਰਹਿੰਦ ਨੂੰ ਉਸਨੇ ਢਾਵਣਾ ਏ।
ਜਦ ਚਿੜੀਆਂ ਚੁਗ ਲਿਆ ਖੇਤ ਸਾਰਾ, ਹਰਚੰਦ ਸਿੰਘਾ ਫਿਰ ਪਛਤਾਵਣਾ ਏ॥
175 ਜਿੰਨਾ ਜਿੰਨਾ ਜਿਸ ਤੋਂ ਬੋਲ ਹੋਇਆ, ਵਜ਼ੀਰ ਖਾਂ ਨੂੰ ਬੋਲ ਸੁਣਾ ਆਏ।
ਹੱਟੀ ਭਰੀ ਸੀ ਪਈ ਪਟਾਕਿਆਂ ਦੀ, ਤੀਲ੍ਹੀ ਬਾਲ ਕੇ ਉਸ ਨੂੰ ਲਾ ਆਏ।
ਸਾਰੇ ਰਾਜੇ ਪਹਾੜੀਏ ਦਾਸ ਤੇਰੇ, ਨਾਲ ਲੜਾਂਗੇ ਕਸਮਾਂ ਪਾ ਆਏ।
ਹਰਚੰਦ ਸਿੰਘਾ ਹਿੰਦੂ ਹੀ ਹਿੰਦ ਤਾਈਂ, ਦੇਖੋ ਕਿਸ ਤਰ੍ਹਾਂ ਪਿੱਠ ਦਿਖਾ ਆਏ॥

*( ਬਾਕੀ ਅਗਲੇ ਅੰਕ ਵਿਚ )*

48 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Lalit (Nitu)
604-339-1599


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਧਿਆਨ ਮੰਗਦਾ ਬਚਪਨ



ਜ਼ਿੰਦਗੀ ਦੇ ਹਰ ਪੜਾਅ ਦੀ ਆਪਣੀ ਇੱਕ ਮਹੱਤਤਾ ਹੈ। ਪਰ ਜ਼ਿੰਦਗੀ ਦਾ ਸਭ ਤੋਂ ਅਣਮੁੱਲਾ ਸਫ਼ਰ ਬਚਪਨ ਦਾ ਹੁੰਦਾ ਹੈ। ਜਿਸ ਵਿੱਚ ਕੋਈ ਫ਼ਿਕਰ, ਚਿੰਤਾ, ਡਰ ਨਹੀਂ ਹੁੰਦਾ। ਕਿਸੇ ਨਾਲ ਕੋਈ ਰੰਜਿਸ਼ ਨਹੀਂ ਹੁੰਦੀ। ਕੋਈ ਬਹੁਤੀਆਂ ਖਵਾਹਿਸ਼ਾ ਵੀ ਨਹੀਂ ਹੁੰਦੀਆਂ। ਕਿਸੇ ਵੱਲੋਂ ਦਿੱਤਾ ਇੱਕ ਰੁਪਇਆ ਵੀ ਅਜਿਹੀ ਖੁਸ਼ੀ ਦੇ ਜਾਂਦਾ ਜਿਸ ਦੀ ਕੋਈ ਸੀਮਾ ਨਾ ਹੁੰਦੀ। ਬਚਪਨ ਹੈ ਹੀ ਏਨਾ ਪਿਆਰਾ। ਪਰ ਜੇਕਰ ਦੇਖਿਆ ਜਾਵੇ ਤਾਂ ਬਚਪਨ ਨੀਂਹ ਪੱਥਰ ਵੀ ਹੈ। ਜੀਵਨ ਦਾ ਅਧਾਰ ਵੀ ਹੈ ਬਚਪਨ। ਇੱਕ ਬੱਚਾ ਜਦੋਂ ਤੋਂ ਹੋਸ਼ ਸੰਭਾਲਦਾ ਹੈ , ਉਦੋਂ ਤੋਂ ਉਹ ਆਪਣੇ ਆਲੇ ਦੁਆਲੇ ਦਾ ਪ੍ਰਭਾਵ ਕਬੂਲਣ ਲੱਗਦਾ ਹੈ। ਉਸਦੇ ਇਰਦ ਗਿਰਦ ਘਟਨ ਵਾਲੀ ਹਰ ਘਟਨਾ ਦਾ ਉਸ ਉੱਪਰ ਬਹੁਤ ਤੀਬਰ ਅਸਰ ਹੁੰਦਾ ਹੈ।ਮੈਂ ਅਕਸਰ ਸੋਚਦੀ ਹੁੰਦੀ ਹਾਂ ਕਿ ਕਈ ਬਿੱਲਕੁਲ ਛੋਟੀ ਉਮਰ ਦੇ ਬੱਚੇ ਗਾਲ੍ਹਾਂ ਕੱਢਦੇ ਹੁੰਦੇ ਹਨ, ਉਸ ਸਮੇਂ ਮੇਰੀ ਹੈਰਾਨਗੀ ਦੀ ਕੋਈ ਸੀਮਾ ਨਹੀਂ ਰਹਿੰਦੀ ਜਦੋਂ ਮਾਪਿਆਂ ਵੱਲੋਂ ਬੱਚਿਆਂ ਨੂੰ ਰੋਕਣ ਟੋਕਣ ਦੀ ਬਜਾਇ ਅੱਗੋਂ ਹੱਸ ਕੇ ਦਿਖਾਇਆ ਜਾਂਦਾ ਹੈ। ਬੱਚੇ ਨੂੰ ਸਹੀ ਗਲਤ ਦੀ ਕੋਈ ਸਮਝ ਨਹੀਂ ਹੁੰਦੀ, ਮਾਪਿਆਂ ਦੇ ਹਾਸੇ ਤੋਂ ਉਸਦੇ ਦਿਮਾਗ ਨੂੰ ਇਹ ਸੰਕੇਤ ਜਾਂਦਾ ਹੈ ਕਿ ਸ਼ਾਇਦ ਜੋ ਉਹ ਕਰ ਰਿਹਾ ਹੈ ਉਹ ਬਿਲਕੁਲ ਸਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਗਾਲ੍ਹਾਂ ਕੱਢਣਾ ਜਾਂ ਹੋਰ ਅਜਿਹੀਆਂ ਹਰਕਤਾਂ ਬੱਚੇ ਘਰ ਤੋਂ ਹੀ ਸਿਖਦੇ ਹਨ। ਬਚਪਨ ਇੱਕ ਸਾਚਾਂ ਹੈ, ਜਿਵੇਂ ਦੀ ਸੋਚ ਬਚਪਨ ਵਿੱਚ ਹੋਵੇਗੀ, ਭਵਿੱਖ ਵਿੱਚ ਬੱਚੇ ਦੀ ਸ਼ਖਸੀਅਤ ਉਸਦਾ ਹੀ ਨਤੀਜਾ ਹੋਵੇਗੀ। ਮਾਤਾ ਪਿਤਾ ਨੂੰ ਇੱਕ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਕੀ ਉਹ ਇੱਕ ਬੱਚੇ ਨੂੰ ਵਧੀਆ ਇਨਸਾਨ ਬਨਾਉਣ ਦੇ ਕਾਬਿਲ ਹਨ, ਕੀ ਉਹ ਆਪਣੇ ਬੱਚੇ ਦੀ ਅਜਿਹੀ ਪਰਵਰਿਸ਼ ਕਰਨ ਦੇ ਕਾਬਿਲ ਹਨ ਕਿ ਉਹ ਭਵਿੱਖ ਵਿੱਚ ਸਮਾਜ ਨੂੰ ਇੱਕ ਜਿੰਮੇਵਾਰ ਨਾਗਰਿਕ ਦੇਣਗੇ। ਬਚਪਨ ਬਹੁਤ ਧਿਆਨ ਮੰਗਦਾ ਹੈ। ਮੈਂ ਅਕਸਰ ਔਲਾਦ ਹੱਥੋਂ ਦੁਖੀ ਮਾਪਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਅਸੀਂ ਆਪਣੇ ਬੱਚੇ ਦੀ ਪਰਵਰਿਸ਼ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ, ਪਰ ਫਿਰ ਵੀ ਸਾਡੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਹੋ ਰਿਹਾ। ਮੇਰਾ ਜਵਾਬ ਇਹ ਹੈ ਕਿ ਵਧੀਆ ਖਾਣ ਪਾਣ, ਸੁਖ ਸਹੂਲਤਾਂ ਮੁਹੱਈਆ ਕਰਵਾਉਣੀਆਂ ਹੀ ਸਹੀ ਪਰਵਰਿਸ਼ ਦੀਆਂ ਨਿਸ਼ਾਨੀਆਂ ਨਹੀਂ ਹਨ! ਬੱਚੇ ਨੂੰ ਸਹੀ ਗਲਤ ਵਿੱਚ ਅੰਤਰ ਸਮਝਾਉਣਾ, ਘਰ ਦਾ ਮਾਹੌਲ ਸਾਰਥਕ ਰੱਖਣਾ, ਬੱਚੇ ਨਾਲ ਸਮਾਂ ਬਿਤਾਉਣਾ, ਉਸਦੇ ਹਰ ਕਾਰ ਵਿਹਾਰ ਤੇ ਨਜ਼ਰ ਰੱਖਣੀ, ਗਲਤੀ ਤੇ ਝਿੜਕਣਾ ਅਤੇ ਸਹੀ ਹੋਣ ਤੇ ਉਸਦੇ ਪੱਖ ਵਿੱਚ ਖੜਨਾ, ਬੱਚੇ ਨੂੰ ਜਿੰਮੇਵਾਰ ਬਣਾਉਣ ਲਈ ਉਸਨੂੰ ਆਪਣੇ ਕੰਮ ਆਪ ਕਰਨ ਲਈ ਪ੍ਰੇਰਿਤ ਕਰਨਾ, ਔਰਤਾਂ ਦੀ ਇੱਜ਼ਤ ਕਰਨ ਦਾ ਸਬਕ ਦੇਣਾ ਅਜਿਹੀਆਂ ਬਹੁਤ ਛੋਟੀਆਂ ਛੋਟੀਆਂ ਗੱਲਾਂ ਹਨ ਜੋ ਧਿਆਨ ਦੇਣ ਹਿੱਤ ਹੁੰਦੀਆਂ ਹਨ। ਪਰੰਤੂ ਬਹੁਤ ਘੱਟ ਮਾਤਾ ਪਿਤਾ ਹਨ ਜੋ ਇਸਨੂੰ ਸਮਝਦੇ ਹਨ, ਕਿਉਂਕਿ ਮਾਪੇ ਆਪਣੀ ਜ਼ਿੰਦਗੀ ਵਿੱਚ ਹੀ ਏਨੇ ਵਿਅਸਤ ਹੋ ਚੁੱਕੇ ਹਨ ਕਿ ਉਨ੍ਹਾਂ ਕੋਲ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਦਾ ਵੀ ਸਮਾਂ ਨਹੀਂ ਹੈ। ਬਚਪਨ ਇੱਕ ਬਿਲਕੁਲ ਛੋਟੇ ਪੌਦੇ ਵਰਗਾ ਹੈ, ਜਿਸ ਨੂੰ ਸ਼ੁਰੂਆਤ ਵਿੱਚ ਸਮੇਂ ਸਿਰ ਖਾਦ ਪਾਣੀ ਦੀ ਜਰੂਰਤ ਹੁੰਦੀ ਹੈ, ਜੇਕਰ ਸਮੇਂ ਸਿਰ ਪੌਦੇ ਨੂੰ ਧਿਆਨ ਨਾਲ ਖੁਰਾਕ ਮਿਲਦੀ ਰਹਿੰਦੀ ਹੈ ਤਾਂ ਸਮਾਂ ਪਾ ਕੇ ਉਸਦੀਆਂ ਜੜ੍ਹਾਂ ਬਹੁਤ ਮਜ਼ਬੂਤ ਹੋ ਜਾਂਦੀਆਂ ਹਨ , ਬਿਲਕੁਲ ਏਸੇ ਤਰ੍ਹਾਂ ਜੇਕਰ ਬਚਪਨ ਵਿੱਚ ਬੱਚੇ ਨੂੰ ਸਹੀ ਧਿਆਨ, ਸਾਰਥਕ ਵਾਤਾਵਰਣ, ਵਧੀਆ ਸੰਸਕਾਰ, ਸਹਿਯੋਗ ਮਿਲਦਾ ਰਹੇ ਤਾਂ ਭਵਿੱਖ ਵਿੱਚ ਸਮਾਜ ਨੂੰ ਇੱਕ ਜਿੰਮੇਵਾਰ ਨਾਗਰਿਕ ਮਿਲ ਜਾਂਦਾ ਹੈ। ਇੱਕ ਨਵਾਂ ਰੁਝਾਨ ਜੋ ਅੱਜਕੱਲ ਦੇ ਮਾਤਾ ਪਿਤਾ ਅਤੇ ਬੱਚਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ, ਉਹ ਬੱਚਿਆਂ ਨੂੰ ਮੋਬਾਈਲ ਫੋਨ ਦੀ ਚੇਟਕ ਲੱਗਣਾ। ਖਾਸ ਕਰ ਮਾਵਾਂ ਵੱਲੋਂ ਬੱਚੇ ਨੂੰ ਸਮਾਂ ਨਾ ਦੇਣਾ ਪਵੇ , ਉਹ ਬੱਚੇ ਨੂੰ ਮੋਬਾਈਲ ਫੋਨਾਂ ਦੇ ਸਹਾਰੇ ਛੱਡ ਦਿੰਦੀਆਂ ਹਨ, ਜੋ ਬੱਚੇ ਦੇ ਮਾਨਸਿਕ ਬੋਧਿਕ ਅਤੇ ਸਰੀਰਕ ਵਿਕਾਸ ਉੱਪਰ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ। ਬਚਪਨ ਜ਼ਿੰਦਗੀ ਦਾ ਅਣਮੋਲ ਅਹਿਸਾਸ ਤੇ ਸਫ਼ਰ ਹੈ, ਇਸ ਵਿੱਚ ਪਦਾਰਥਾਂ ਜਾਂ ਸਹੂਲਤਾਂ ਤੋਂ ਬਿਨਾਂ ਗੁਜ਼ਾਰਾ ਹੋ ਸਕਦਾ ਹੈ,ਪਰ ਸਨੇਹ, ਸੰਸਕਾਰ ਅਤੇ ਧਿਆਨ ਤੋਂ ਬਿਨਾਂ ਨਹੀਂ ਕਿਉਂਕਿ ਬਚਪਨ ਧਿਆਨ ਮੰਗਦਾ ਹੈ।



ਹਰਕੀਰਤ ਕੌਰ
9779118066

**AMA CONCRETE**
*Commercial & Residential*

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ
ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ
ਕਿਸੇ ਵੀ ਤਰ੍ਹਾਂ ਦੀ ਕੰਕਰੀਟ
ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

**METRO CONTRACTING LTD.**

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




*Residential & Commercial*

Gurvinder Sanghera: 604-729-1435
Email: gsanghera77@gmail.com



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

◆◆◆◆◆◆◆◆◆◆◆◆◆◆

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ।ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874

◆◆◆◆◆◆◆◆◆◆◆◆◆◆

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ- 98557-86891 (ਵੈਟਸਐਪ)

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ- 604-761-7580 ਜਾਂ 604-599-8237

apr 24

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**
**ਅੱਜ ਹੀ ਸੰਪਰਕ ਕਰੋ:**
**ਸਾਹਿਬ ਸਿੰਘ : 778-863-9000**

◆◆◆◆◆◆◆◆◆◆◆◆◆◆

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ।ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

apr 24

◆◆◆◆◆◆◆◆◆◆◆◆◆◆

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

apr24

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ. ਸਿੱਖ ਰਾਜਪੂਤ ਪਰਮਾਰ ਲੜਕੀ, ਉਮਰ 30 ਸਾਲ, ਕੱਦ 5'6", ਰੰਗ ਸਾਫ਼, ਇਮੀਗਰੇਸ਼ਨ ਕੰਪਨੀ ਵਿਚ ਜੌਬ ਕਰਦੀ ਲੜਕੀ ਲਈ ਕੈਨੇਡਾ ਵਿਚ ਵੈੱਲ ਸੈਟਲਡ, ਸਿੱਖ ਰਾਜਪੂਤ ਜਾਂ ਜੱਟ ਸਿੱਖ, ਚੰਗੇ ਖਾਨਦਾਨ ਨਾਲ ਸਬੰਧਤ ਲੜਕਾ ਚਾਹੀਦਾ ਹੈ। ਸਿਰਫ ਸਰੀ-ਵੈਨਕੂਵਰ ਇਲਾਕੇ ਵਾਲੇ ਹੀ ਸੰਪਰਕ ਕਰਨ।
ਫੋਨ: 778 141 1207
ਈਮੇਲ: ikttyparmar22@gmail.com

may 08

◆◆◆◆◆◆◆◆◆◆◆◆◆◆

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ।ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ।ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

dec 31

◆◆◆◆◆◆◆◆◆◆◆◆◆◆

**BOOK YOUR CLASSIFIED IN**
ਪੰਜਾਬ ਲਿੰਕ
**PUNJABI WEEKLY NEWSPAPER**
**BUY 4 ADS GET 1 AD FREE**

# ਕਈ ਘਰਾਂ ਦੇ ਟੁੱਟਣ ਦਾ ਕਾਰਣ ਹੈ ਪਤੀ ਪਤਨੀ ਦੇ ਨਜ਼ਾਇਜ ਰਿਸ਼ਤੇ

ਵੈਸੇ ਤਾਂ ਸਾਡੀ ਜ਼ਿੰਦਗੀ ਵਿੱਚ ਬਣੇ ਹਰ ਰਿਸ਼ਤੇ ਦੀ ਆਪਣੀ ਮਹੱਤਤਾ ਹੈ ਮਾਤਾ ਪਿਤਾ, ਭੈਣ ਭਰਾ, ਦੋਸਤ ਆਦਿ ਸਭ ਆਪਣੀ ਵੱਖਰੀ ਖਾਸੀਅਤ ਰੱਖਦੇ ਹਨ। ਪਰ ਇਸ ਵਿੱਚ ਕੋਈ ਸ਼ੱਕ ਨਹੀ ਕਿ ਮਾਤਾ ਪਿਤਾ ਦਾ ਰਿਸ਼ਤਾ ਦੁਨੀਆਂ ਦਾ ਸਭ ਤੋਂ ਪਿਆਰਾ ਰਿਸ਼ਤਾ ਹੈ। ਪਰ ਮਾਤਾ ਪਿਤਾ ਦੇ ਰਿਸ਼ਤੇ ਤੋਂ ਬਾਅਦ ਜਾਂ ਬਰਾਬਰ ਦਾ ਰੁਤਬਾ ਕਿਸੇ ਹੋਰ ਰਿਸ਼ਤੇ ਨੂੰ ਮਿਲਿਆ ਹੈ ਤਾਂ ਉਹ ਹੈ ਪਤੀ ਪਤਨੀ ਦਾ ਰਿਸ਼ਤਾ। ਪਤੀ ਪਤਨੀ ਦਾ ਰਿਸ਼ਤਾ ਬਹੁਤ ਹੀ ਅਮੋਲਕ ਰਿਸ਼ਤਾ ਹੈ। ਜਿਵੇਂ ਬਚਪਨ ਵਿੱਚ ਮਾਤਾ ਪਿਤਾ ਸਾਡੀ ਦੇਖ ਭਾਲ ਕਰਦੇ ਹਨ, ਉਸੇ ਤਰ੍ਹਾਂ ਪਤੀ ਪਤਨੀ ਸਾਰੀ ਜ਼ਿੰਦਗੀ ਇੱਕ ਦੂਸਰੇ ਦਾ ਸਹਾਰਾ ਬਣਦੇ ਹਨ। ਪਤੀ ਪਤਨੀ ਦੇ ਰਿਸ਼ਤੇ ਦੀ ਬੁਨਿਆਦ ਸੱਚ ਉੱਪਰ ਹੋਵੇ ਤਾਂ ਇਸ ਰਿਸ਼ਤੇ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਹੋ ਜਾਂਦੀਆਂ ਹਨ, ਸੱਚ ਅਤੇ ਇੱਕ ਦੂਸਰੇ ਉੱਪਰ ਭਰੋਸਾ ਹੀ ਇਸ ਰਿਸ਼ਤੇ ਦੇ ਥੰਮ੍ਹ ਹੁੰਦੇ ਹਨ।ਜਦੋਂ ਦੋ ਆਤਮਾਵਾਂ ਦਾ ਸੰਯੋਗ ਮਿਲਦਾ ਹੈ ਤਾਂ ਆਪੋ ਆਪਣੇ ਇਸ਼ਟ ਦੇ ਮੂਹਰੇ ਸਾਰੀ ਜ਼ਿੰਦਗੀ ਇੱਕ ਦੂਸਰੇ ਦਾ ਸਹਾਰਾ ਬਣਨ ਦਾ ਵਚਨ ਲੈਂਦੇ ਹਨ। ਪਰ ਜੇਕਰ ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਬਹੁਤਾਂਤ ਜੋੜੀਆਂ ਵਿਆਹ ਦੇ ਕੁਝ ਸਾਲਾਂ ਬਾਅਦ ਇੱਕ ਦੂਸਰੇ ਤੋਂ ਅਲੱਗ ਹੋਣ ਲਈ ਕੋਰਟ ਕਚਿਹਰੀਆਂ ਦੇ ਚੱਕਰ ਕੱਟ ਰਹੇ ਹੁੰਦੇ ਹਨ। ਜੇਕਰ ਇਸ ਵੱਧਦੇ ਰੁਝਾਨ ਦਾ ਕਾਰਣ ਵੇਖੀਏ ਤਾਂ ਸਭ ਤੋਂ ਵੱਡਾ ਕਾਰਣ ਪਤੀ ਪਤਨੀ ਦੇ ਨਜ਼ਾਇਜ ਸੰਬੰਧ ਹੁੰਦੇ ਹਨ। ਅੱਜਕੱਲ ਦੇ ਅਧੁਨਿਕਤਾਵਾਦੀ ਯੁੱਗ ਵਿੱਚ ਤਕਨਾਲੋਜੀ ਦੀਆਂ ਅਜਿਹੀਆਂ ਕਾਢਲ਼ਾ ਆਈਆਂ ਹਨ ਜਿੰਨਾ ਨੇ ਜੇਕਰ ਸਹੂਲਤਾਂ ਦਿੱਤੀਆਂ ਤਾਂ ਰਿਸ਼ਤਿਆ ਵਿੱਚ ਕੁੜੱਤਣ ਵੀ ਬਹੁਤ ਭਰੀ। ਵੱਖਰੀਆਂ ਵੱਖਰੀਆਂ ਸ਼ੋਸ਼ਲ ਐਪਸ ਜਿਵੇਂ ਕਿ ਫੇਸਬੁੱਕ, ਇੰਸਟਾਗਰਾਮ, ਟਵੀਟਰ, ਵਟਸਐਪ ਤੇ ਹੋਰ ਪਤਾ ਨਹੀਂ ਕਿੰਨੇ ਕੁ ਅਜਿਹੇ ਐਪ ਹਨ, ਜਿੰਨਾ ਨੇ ਨਜ਼ਾਇਜ ਰਿਸ਼ਤੇ ਬਣਾਉਣ ਵਿੱਚ ਲੋਕਾਂ ਦੀ ਬਹੁਤ ਮਦਦ ਕੀਤੀ ਸੋਸ਼ਲ ਮੀਡੀਆ ਦੇ ਜਰੀਏ ਗੱਲਾਂ ਬਾਤਾਂ ਦਾ ਸ਼ੁਰੂ ਹੁੰਦਾ ਸਿਲਸਿਲਾ ਕਈ ਲੋਕਾਂ ਦੇ ਘਰ ਪੱਟ ਦਿੰਦਾ ਹੈ। ਇਸ ਵਿੱਚ ਕੇਵਲ ਆਦਮੀ ਹੀ ਨਹੀਂ ਬਹੁਤ ਸਾਰੀਆਂ ਔਰਤਾਂ ਵੀ ਸ਼ਾਮਿਲ ਹੁੰਦੀਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਅਜਿਹੇ ਕੇਸਾਂ ਵਿੱਚ ਲੜਕਾ ਲੜਕੀ ਇਹ ਕਦੇ ਨਹੀਂ ਦੱਸਦੇ ਕਿ ਉਹ ਸ਼ਾਦੀਸ਼ੁਦਾ ਹਨ। ਕੰਮਕਾਜ ਦੇ ਕਾਰਨ ਇੱਕ ਦੂਸਰੇ ਤੋਂ ਦੂਰ ਰਹਿਣ ਵਾਲੇ ਪਤੀ ਪਤਨੀਆਂ ਵਿੱਚ ਇਹ ਰੁਝਾਨ ਜਿਆਦਾ ਵੱਧ ਚੁੱਕਾ ਹੈ । ਇਸ ਕਾਰਣ ਕਈ ਪਰਿਵਾਰ ਬਿਖਰ ਜਾਂਦੇ ਹਨ, ਕਈਆਂ ਦੇ ਮਾਪਿਆਂ ਨੂੰ ਜਲੀਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈਆਂ ਦੀ ਜ਼ਿੰਦਗੀ ਖਰਾਬ ਹੁੰਦੀ ਹੈ ਅਤੇ ਸਭ ਤੋਂ ਵੱਧ ਪ੍ਰਭਾਵ ਉਹਨਾਂ ਬੱਚਿਆਂ ਉੱਪਰ ਹੁੰਦਾ ਹੈ , ਜਿੰਨਾ ਦੇ ਮਾਤਾ ਪਿਤਾ ਆਪਣੇ ਲਾਲਸਾ ਵੱਸ ਅਜਿਹੇ ਕੁਕਰਮ ਕਰਦੇ ਹਨ। ਇੱਕ ਬੱਚੇ ਲਈ ਮਾਤਾ ਅਤੇ ਪਿਤਾ ਦੋਨਾਂ ਦਾ ਪਿਆਰ ਅਤੇ ਸਾਥ ਬਰਾਬਰ ਦਾ ਲੋੜੀਂਦਾ ਹੈ, ਉਸ ਦੇ ਜੀਵਨ ਦੀ ਵਧੀਆ ਪਰਵਰਿਸ਼ ਕਰਨ ਲਈ ਮਾਤਾ ਪਿਤਾ ਦਾ ਇਕੱਠਿਆ ਹੋਣਾ ਬਹੁਤ ਜ਼ਰੂਰੀ ਹੈ, ਇਸ ਤੋਂ ਇਲਾਵਾ ਅਜਿਹੇ ਬੱਚਿਆਂ ਨੂੰ ਕਈ ਵਾਰ ਉਹਨਾਂ ਦੇ ਸਾਥੀਆਂ ਕੋਲੋਂ ਵੀ ਬਹੁਤ ਸਾਰੇ ਤਾਹਨੇ ਮਿਹਣੇ ਸੁਣਨੇ ਪੈਂਦੇ ਹਨ, ਅਤੇ ਮਜ਼ਾਕ ਦੇ ਪਾਤਰ ਬਣਨਾ ਪੈਂਦਾ ਹੈ। ਜਿਸ ਕਾਰਣ ਕਈ ਵਾਰ ਬੱਚੇ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਲੋਕਾਂ ਵਿੱਚ ਵਿਚਰਨਾ ਬੰਦ ਕਰ ਦਿੰਦੇ ਹਨ । ਇੱਕ ਇਨਸਾਨ ਦੀ ਗਲਤੀ ਦਾ ਖਮਿਆਜਾ ਬਹੁਤ ਸਾਰੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਮਰਦ ਹੋਵੇ ਜਾਂ ਔਰਤ ਕੋਈ ਵੀ ਆਪਣੇ ਜੀਵਨ ਸਾਥੀ ਨੂੰ ਹੋਰਾਂ ਨਾਲ ਨਜ਼ਾਇਜ ਸੰਬੰਧ ਬਣਾਉਂਦੇ ਨਹੀ ਵੇਖ ਸਕਦਾ, ਇਹ ਗੱਲ ਪੱਕੀ ਹੈ ਕਿ ਭਾਵੇਂ ਇਹਨਾਂ ਸੰਬੰਧਾਂ ਨੂੰ ਜੱਗ ਜਾਹਿਰ ਹੁੰਦਿਆਂ ਕੁਝ ਸਮਾਂ ਜਰੂਰ ਲੱਗੇ ਪ੍ਰੰਤੂ ਇਹ ਕਦੇ ਵੀ ਛੁਪੇ ਨਹੀਂ ਰਹਿੰਦੇ ਕੁਝ ਲੋਕ ਆਪਣੇ ਭੇਤ ਖੁੱਲਣ ਤੇ ਆਪਣੇ ਨਜ਼ਾਇਜ ਸੰਬੰਧਾਂ ਨੂੰ ਦੋਸਤੀ ਦਾ ਨਾਮ ਦੇਣ ਦਾ ਯਤਨ ਕਰਦੇ ਹਨ, ਜੋ ਬਿਲਕੁਲ ਗਲਤ ਹੈ, ਦੋਸਤੀ ਇੱਕ ਬਹੁਤ ਹੀ ਪਵਿੱਤਰ ਰਿਸ਼ਤਾ ਹੈ, ਪਰ ਬਹੁਤ ਸਾਰੇ ਲੋਕਾਂ ਨੇ ਆਪਣੇ ਨਜ਼ਾਇਜ ਸੰਬੰਧਾਂ ਨੂੰ ਦੋਸਤੀ ਦਾ ਨਾਮ ਦੇਕੇ ਇਸ ਪਵਿੱਤਰ ਰਿਸ਼ਤੇ ਨੂੰ ਵੀ ਬਦਨਾਮ ਕੀਤਾ ਹੈ। ਇੱਥੇ ਮੈ ਇੱਕ ਗੱਲ ਹੋਰ ਰੱਖਣੀ ਚਾਹਾਂਗੀ ਕਿ ਅਸੀਂ ਇੱਕੀਵੀਂ ਸਦੀ ਦੇ ਪੜ੍ਹੇ ਲਿਖੇ ਲੋਕ ਹਾਂ, ਮੰਨਿਆ ਕਿ ਸਾਡੀ ਸੋਚ ਦਾ ਦਾਇਰਾ ਵੱਡਾ ਹੋ ਚੁੱਕਾ ਹੈ, ਪ੍ਰੰਤੂ ਸਾਡੀ ਸੱਭਿਅਤਾ ਸਾਡਾ ਵਿਰਸਾ ਸਾਨੂੰ ਅਜਿਹੇ ਕੰਮਾਂ ਦੀ ਪ੍ਰਵਾਨਗੀ ਨਹੀਂ ਦਿੰਦਾ। ਆਪਣੇ ਹਮਸਫ਼ਰ ਅਤੇ ਪਰਿਵਾਰ ਨਾਲ ਧੋਖਾ ਕਰ ਆਪਣੀਆਂ ਝੂਠੀਆਂ ਖੁਸ਼ੀਆਂ ਦੇ ਹਾਸੇ ਹੱਸਣੇ ਕਿਸੇ ਸੱਭਿਅਕ ਅਤੇ ਚੰਗੇ ਇਨਸਾਨ ਦੀ ਨਿਸ਼ਾਨੀ ਨਹੀ ਹੈ।



ਜਰੂਰਤ ਹੈ ਆਪਣੇ ਪਰਿਵਾਰ ਦੀ ਆਪਣੇ ਹਮਸਫ਼ਰ ਦੀ ਮਹੱਤਤਾ ਨੂੰ ਸਮਝਣ ਦੀ ।ਮਰਦ ਅਤੇ ਔਰਤ ਮਿਲ ਕੇ ਪਰਿਵਾਰ ਬਣਾਉਂਦੇ ਹਨ ਅਤੇ ਪਰਿਵਾਰ ਤੋਂ ਹੀ ਸਮਾਜ ਦੀ ਸਿਰਜਣਾ ਹੁੰਦੀ ਹੈ, ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਜਰੂਰੀ ਹੈ ਇੱਕ ਚੰਗੇ ਪਰਿਵਾਰ ਦਾ ਹੋਣਾ ਅਤੇ ਇੱਕ ਚੰਗਾ ਪਰਿਵਾਰ ਉਦੋਂ ਹੀ ਬਣ ਸਕਦਾ ਹੈ ਜਦੋਂ ਪਰਿਵਾਰ ਦੇ ਥੰਮ੍ਹ ਪਤੀ ਅਤੇ ਪਤਨੀ ਇੱਕ ਦੂਸਰੇ ਨਾਲ ਮੋਢੇ ਨਾਲ ਮੋਢਾ ਜੋੜ ਖੜੇ ਹੋਣਗੇ। ਆਪਣੀ ਇੱਜ਼ਤ ਅਣਖ ਨੂੰ ਦਾਅ ਤੇ ਲਾਉਣਾ ਕੋਈ ਮਾਮੂਲੀ ਗੱਲ ਨਹੀਂ, ਇਸਦੇ ਨਤੀਜੇ ਆਉਣ ਵਾਲੀਆਂ ਕਈ ਪੀੜੀਆਂ ਨੂੰ ਭੁਗਤਣੇ ਪੈਂਦੇ ਹਨ। ਸੋ ਜਰੂਰਤ ਹੈ ਆਪਣੇ ਹਮਸਫ਼ਰ ਸਾਹਮਣੇ ਬਿਲਕੁਲ ਪਾਰਦਰਸ਼ੀ ਹੋਣ ਦੀ, ਤੁਹਾਡਾ ਰਿਸ਼ਤਾ ਏਨਾ ਮਜ਼ਬੂਤ ਹੋਵੇ ਕਿ ਤੁਸੀਂ ਆਪਣੇ ਹਮਸਫ਼ਰ ਨਾਲ ਹਰ ਗੱਲ ਬੇਝਿਜਕ ਅਤੇ ਬਿਨਾਂ ਕਿਸੇ ਡਰ ਤੋਂ ਕਰ ਸਕੋ ਤਾਂ ਜੋ ਤੁਹਾਡੇ ਵਿਹੜਿਆਂ ਵਿੱਚ ਹਮੇਸ਼ਾ ਹਾਸੇ ਗੂੰਜਦੇ ਰਹਿਣ।

—ਹਰਕੀਰਤ ਕੌਰ









# ਕੋਕਾਹਿਲ ਹਾਈਵੇ ਉਪਰ ਵਾਪਰੇ ਹਾਦਸੇ ਵਿਚ ਟਰੱਕ ਡਰਾਈਵਰ ਦੀ ਮੌਤ

ਸਰੀ (ਹਰਦਮ ਮਾਨ)-ਬੀਤੇ ਦਿਨ ਕੋਕਾਹਿਲ ਹਾਈਵੇ ਉਪਰ ਕੈਮਲੂਪਸ ਅਤੇ ਮੈਰਿਟ ਦੇ ਵਿਚਕਾਰ ਹੋਏ ਇੱਕ ਸੜਕ ਹਾਦਸੇ ਵਿੱਚ ਇੱਕ ਟਰੱਕ ਡਰਾਈਵਰ ਦੀ ਮੌਤ ਹੋ ਗਈ। ਇਹ ਹਾਦਸਾ ਦੋ ਟਰੱਕਾਂ ਦੀ ਟੱਕਰ ਕਾਰਨ ਵਾਪਰਿਆ। ਇਸ ਹਾਦਸੇ ਦੀ ਪੁਸ਼ਟੀ ਕਰਦਿਆਂ ਆਰਸੀਐਮਪੀ ਦੇ ਕਾਰਪੋਰੇਲ ਜੈਸੀ ? ਡੋਨਗਾਹੀ ਨੇ ਦੱਸਿਆ ਹੈ ਕਿ ਸੋਮਵਾਰ ਬਾਅਦ ਦੁਪਹਿਰ, ਸਰੀ-ਸੁਸੇਕਸ ਲੇਕ ਰੋਡ ਦੇ ਨਜ਼ਦੀਕ ਇਕ ਲੇਨ ਵਿਚ ਜਾ ਰਹੇ ਦੋ ਟਰੱਕਾਂ ਵਿੱਚੋਂ ਪਿਛਲਾ ਟਰੱਕ ਅਗਲੇ ਟਰੱਕ ਦੇ ਪਿੱਛੇ ਜਾ ਟਕਰਾਇਆ। ਇਸ ਦੁਰਘਟਨਾ ਵਿਚ ਪਿਛਲੇ ਟਰੱਕ ਦਾ 64 ਸਾਲਾ ਡਰਾਈਵਰ ਜ਼ਖ਼ਮੀ ਹੋ ਗਿਆ। ਬੇਸ਼ੱਕ ਐਮਰਜੈਂਸੀ ਮੈਡੀਕਲ ਅਧਿਕਾਰੀ ਮੌਕੇ ਤੇ ਪਹੁੰਚ ਗਏ ਸਨ ਪਰ ਉਸ ਨੂੰ ਬਚਾਇਆ ਨਾ ਸਕਿਆ। ਮ੍ਰਿਤਕ ਡਰਾਈਵਰ ਐਲਡਰਗੋਵ ਦਾ ਰਹਿਣ ਵਾਲਾ ਸੀ। ਦੂਜੇ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਪੁਲਿਸ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.



# ਦੁਨੀਆ ਦਾ ਪ੍ਰਸਿੱਧ ਸੈਲਾਨੀ ਸਥਾਨ ਲੇਕ ਲੁਇਸ ਵੀ ਕੋਰੋਨਾ ਦੀ ਲਪੇਟ 'ਚ ਆਇਆ

ਕੈਲਗਰੀ (ਕਮਲਜੀਤ ਬੁੱਟਰ)-ਸੈਲਾਨੀ ਸ਼ਹਿਰ ਬੈਂਫ਼ ਅਤੇ ਨਾਲ ਲੱਗਦੇ ਲੇਕ ਲੁਇਸ ਵਿੱਚ ਕੋਵਿਡ-19 ਦੇ 158 ਕੇਸ ਦਰਜ ਕੀਤੇ ਜਾਣ ਮਗਰੋਂ ਬੈਂਫ਼ ਦੀ ਮੇਅਰ ਕੈਰੇਨ ਸੋਰੈਂਸਨ ਨੇ ਐਲਬਰਟਾ ਹੈਲਥ ਸਰਵਿਸਿਜ਼ ਨੂੰ ਅਪੀਲ ਕੀਤੀ ਹੈ ਕਿ ਇਸ ਇਲਾਕੇ ਵਿੱਚ 20, 30 ਅਤੇ 40 ਸਾਲ ਦੀ ਉਮਰ ਵਰਗ ਦੇ ਲੋਕਾਂ ਵਾਸਤੇ ਕੋਵਿਡ-19 ਵੈਕਸਿਨੇਸ਼ਨ ਦਾ ਤੁਰੰਤ ਪ੍ਰਬੰਧ ਕੀਤਾ ਜਾਏ। ਇਥੇ ਕੋਰੋਨਾ ਵਾਇਰਸ ਪੌਜ਼ਿਟਿਵ ਕੇਸਾਂ ਦੀ ਗਿਣਤੀ ਪ੍ਰਤੀ ਇਕ ਲੱਖ ਵਿਅਕਤੀਆਂ ਪਿੱਛੇ 1174।6 'ਤੇ ਪਹੁੰਚ ਗਈ ਹੈ ਤੇ ਸੂਬੇ ਵਿੱਚ ਤੀਜੀ ਵੱਡੀ ਪੌਜ਼ਿਟਿਵ ਦਰ ਦਰਜ ਕੀਤੀ ਜਾ ਰਹੀ ਹੈ। ਹੌਸਪਿਟੈਲਿਟੀ ਇੰਡਸਟਰੀ ਵਿੱਚ ਕੰਮ ਕਰਨ ਵਾਲੇ ਵੱਡੀ ਗਿਣਤੀ ਵਿੱਚ ਲੋਕ ਬੈਂਫ਼ ਵਿੱਚ ਰਹਿੰਦੇ ਹਨ ਤੇ ਸੈਲਾਨੀਆਂ ਦੀ ਵੱਡੀ ਗਿਣਤੀ ਵਿੱਚ ਇਥੇ ਪਹੁੰਚਣਾ ਜਾਰੀ ਹੈ ਜਿਸ ਕਰਕੇ ਵਾਇਰਸ ਦੀ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਸ਼ਹਿਰ ਵਿੱਚ ਮਾਸਕ ਪਾ ਕੇ ਰੱਖਣਾ ਲਾਜ਼ਿਮ ਕੀਤਾ ਗਿਆ ਹੈ ਪਰ ਹੁਣ ਵੈਕਸਿਨੇਸ਼ਨ ਪ੍ਰੋਗਰੈਮ ਨੂੰ ਵਿਸਥਾਰ ਦੇਣ ਦੀ ਮੰਗ ਉੱਠ ਰਹੀ ਹੈ।

# ਸ਼ਹਿਰੀ ਕਾਰੋਬਾਰ ਨੂੰ ਕੋਰੋਨਾ ਦੀ ਮਾਰ ਤੋਂ ਬਚਾਉਣ ਲਈ 73 ਮਿਲੀਅਨ ਫੰਡ ਐਲਾਨਿਆ

ਕੈਲਗਰੀ (ਕਮਲਜੀਤ ਬੁੱਟਰ)-ਕੋਵਿਡ ਮਹਾਮਾਰੀ ਦੌਰਾਨ ਸਿਟੀ ਔਫ਼ ਕੈਲਗਰੀ ਵੱਲੋਂ ਸ਼ਹਿਰਵਾਸੀਆਂ ਅਤੇ ਬਿਜ਼ਨਸਿਜ਼ ਦੀ ਸਹਾਇਤਾ ਵਾਸਤੇ 73 ਮਿਲੀਅਨ ਡੌਲਰਜ਼ ਦੀ ਨੌਨ-ਐਮਰਜੰਸੀ ਰੈਸਪੌਂਸ ਫੰਡਿੰਗ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਚਾਰ ਮੁਖ ਖੇਤਰਾਂ ਵਿੱਚ ਇਹ ਰਕਮ ਦਿੱਤੇ ਜਾਣ ਦਾ ਐਲਾਨ ਹੋਇਆ ਹੈ। 26 ਮਿਲੀਅਨ ਡੌਲਰਜ਼ ਤੋਂ ਵੱਧ



ਰਕਮ ਵੈਕਸਿਨੇਸ਼ਨ ਸੈਂਟਰਜ਼, ਬਿਜ਼ਨਸ ਇੰਪਰੂਵਮੈਂਟ ਏਰੀਆ ਲੇਵੀ ਅਤੇ ਰੋਡ-ਵੇਜ਼ ਅਤੇ ਪੈਟੀ ?ਜ਼ ਵਾਸਤੇ ਜਾਰੀ ਕੀਤੀ ਜਾਵੇਗੀ। 25 ਮਿਲੀਅਨ ਡੌਲਰਜ਼ ਦੀ ਰਕਮ ਅਫੋਰਡੇਬਲ ਹਾਊਜ਼ਿੰਗ, ਕਮਿਊਨਿਟੀ ਪਾਰਟਨਰਜ਼ ਐਂਡ ਐਸੋਸਿਏਸ਼ਨਜ਼ ਅਤੇ ਹੋਰ ਰੈਕ੍ਰਿਏਸ਼ਨਲ ਗਰੁਪਾਂ ਨੂੰ ਜਾਰੀ ਕੀਤੀ ਜਾਵੇਗੀ। 3 ਮਿਲੀਅਨ ਡੌਲਰਜ਼ ਆਰਟਸ ਐਂਡ ਕਲਚਰ, ਪ੍ਰੋਪਰਟੀ ਟੈਕਸ ਐਸਿਸਟੈਂਸ, ਖ਼ਤਰੇ ਹੇਠ ਰਹਿਣ ਵਾਲੇ ਸ਼ਹਿਰਵਾਸੀਆਂ ਲਈ ਇੰਟਰਨੈਟ ਸੇਵਾਵਾਂ ਮੁਹਈਆ ਕਰਵਾਉਣ ਆਦਿ ਲਈ ਖ਼ਰਚ ਕੀਤੇ ਜਾਣਗੇ ਅਤੇ ਕੋਵਿਡ-19 ਦੇ ਖਾਤਮੇ ਮਗਰੋਂ ਪਬਲਿਕ ਟ੍ਰਾਂਜ਼ਿਟ ਦੀ ਸੇਫ਼ਟੀ ਐਂਡ ਸਿਕਿਉਰਿਟੀ, ਪੀ ਪੀ ਈ। ਅਤੇ ਟੈਸਟਿੰਗ ਕਿਟਸ ਅਤੇ ਪੈਨਡੈਮਿਕ ਰਿਲੀਫ਼ ਕਮਿਊਨਿਕੇਸ਼ਨਜ਼ ਆਦਿ ਉੱਪਰ ਖ਼ਰਚ ਕਰਨ ਵਾਸਤੇ 14 ਮਿਲੀਅਨ ਡੌਲਰਜ਼ ਰੱਖੇ ਗਏ ਹਨ।

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**
**Best Price**

**Sarbjit: 604.841.9849**

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



**Daljit Singh**
**778-549-3605**
E: singh.mand@icloud.com

# ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ 'ਚ ਲਗਾਇਆ ਲੌਕ ਡਾਊਨ

ਕੈਲਗਰੀ (ਕਮਲਜੀਤ ਬੁੱਟਰ)-ਨੋਵਾ ਸਕੋਸ਼ੀਆ ਸੂਬਾ ਸਰਕਾਰ ਨੇ ਅੱਜ ਤੋਂ ਦੋ ਹਫ਼ਤਿਆਂ ਵਾਸਤੇ ਮੁਕੰਮਲ ਲੌਕ ਡਾਊਨ ਲਗਾਉਣ ਦਾ ਐਲਾਨ ਕੀਤਾ ਹੈ। ਅਜ ਸਵੇਰੇ 8 ਵਜੇ ਤੋਂ 12 ਮਈ ਤੱਕ ਇਸ ਲੌਕ ਡਾਊਨ ਦੌਰਾਨ ਸਕੂਲ ਬੰਦ ਕਰ ਦਿੱਤੇ ਗਏ ਹਨ। ਜੀਵਨ ਲਈ ਲੋੜੀਂਦੀਆਂ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ ਹੋ ਸਕੇਗੀ। ਅਲਬਰਟਾ ਵਿੱਚ ਕੋਵਿਡ-19 ਦੇ ਕੁਲ ਐਕਟਿਵ ਮਾਮਲਿਆਂ ਦੀ ਸੰਖਿਆ 13 ਮਹੀਨੇ ਪਹਿਲਾਂ ਸ਼ੁਰੂ ਹੋਈ ਮਹਾਮਾਰੀ ਤੋਂ ਲੈ ਕੇ ਹੁਣ ਤੱਕ ਦੇ ਦੂਜੇ ਵੱਡੇ ਪੱਧਰ 'ਤੇ ਪਹੁੰਚ ਗਈ ਦਰਜ ਹੋਈ ਹੈ। ਸੂਬੇ ਵਿੱਚ ਇਹਨਾਂ ਦੀ ਗਿਣਤੀ 20721 ਹੋ ਗਈ ਹੈ ਤੇ ਲੰਘੇ 24 ਘੰਟਿਆਂ ਦੌਰਾਨ 1539 ਨਵੇਂ ਮਾਮਲੇ ਦਰਜ ਕੀਤੇ ਜਾਣ ਦੀ ਸੂਚਨਾ ਹੈ। ਇਹਨਾਂ ਵਿੱਚੋਂ 812 ਨਵੇਂ ਵੇਰੀਐਂਟ ਨਾਲ ਸੰਬੰਧਿਤ ਦੱਸੇ ਗਏ ਹਨ। 635 ਮਰੀਜ਼ ਇਸ ਸਮੇਂ ਹਸਪਤਾਲਾਂ ਵਿੱਚ ਦਾਖ਼ਲ ਹਨ ਜਿਹਨਾਂ ਵਿਚੋਂ 143 ਇੰਟੈਂਸਿਵ ਕੇਅਰ ਯੂਨਿਟਸ ਵਿੱਚ ਜ਼ੇਰੇ ਇਲਾਜ ਹਨ। ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ। ਡੀਨਾ ਹਿਨਸ਼ੌਅ ਦੇ ਅਨੁਸਾਰਵਾਇਰਸ ਦੀ ਇਨਫੈਕਸ਼ਂ ਦਾ ਖ਼ਤਰਾ ਸਿਖ਼ਰਾਂ 'ਤੇ ਪਹੁੰਚਿਆ ਹੋਇਆ ਹੈ ਤੇ ਇਸ ਤੋਂ ਸਾਵਧਾਨ ਅਤੇ ਬਚ ਕੇ ਰਹਿਣ ਦੀ ਲੋੜ ਹੈ। ਪਿਛਲੇ 24 ਘੰਟਿਆਂ ਦੌਰਾਨ 7 ਹੋਰ ਵਿਅਕਤੀਆਂ ਦੀ ਮੌਤ ਦਰਜ ਕੀਤੀ ਗਈ ਹੈ ਜਿਸ ਮਗਰੋਂ ਮਰਨ ਵਾਲਿਆਂ ਦੀ ਕੁਲ ਗਿਣਤੀ ਹੁਣ 2067 'ਤੇ ਅੱਪੜ ਗਈ ਹੈ।










# ਉਂਨਟਾਰੀਓ ਫ਼ਰੈਂਡਜ਼ ਕਲੱਬ ਵੱਲੋਂ ਡਾ: ਸਰਬਜੀਤ ਕੌਰ ਸੋਹਲ ਨੂੰ ਦੁਬਾਰਾ ਪੰਜਾਬ ਸਾਹਿਤ ਅਕਾਡਮੀ ਦਾ ਪ੍ਰਧਾਨ ਬਨਣ ਤੇ ਵਧਾਈਆਂ

ਸਰੀ-ਬਹੁਤ ਹੀ ਸਤਿਕਾਰਯੋਗ ਤੇ ਮਾਣਮੱਤੀ ਸ਼ਖ਼ਸੀਅਤ ਡਾ : ਸਰਬਜੀਤ ਕੌਰ ਸੋਹਲ ਜੀ ਨੂੰ ਪੰਜਾਬ ਸਾਹਿਤ ਅਕਾਡਮੀ ਦੇ ਦੂਜੀ ਵਾਰ ਪ੍ਰਧਾਨ ਬਨਣ ਤੇ ਓ. ਐਫ਼. ਸੀ. ਤੇ ਡਬਲਯੂ ਪੀ ਸੀ ਦੇ ਪ੍ਰਧਾਨ ਸ : ਰਵਿੰਦਰ ਸਿੰਘ ਕੰਗ ਜੀ ਵੱਲੋਂ ਦਿਲੋਂ ਢੇਰ ਸਾਰੀਆਂ ਵਧਾਈਆਂ ਤੇ ਸ਼ੁੱਭ ਇੱਛਾਵਾਂ ਦਿੱਤੀਆਂ ਹਨ। ਆਪਣੇ 4 ਸਾਲ ਦੇ ਕਾਰਜ-ਕਾਲ ਵਿੱਚ ਡਾ : ਸਰਬਜੀਤ ਕੌਰ ਸੋਹਲ ਜੀ ਨੇ ਬਹੁਤ ਸਾਰੇ ਯਾਦਗਾਰੀ ਸਾਹਿਤਕ ਤੇ ਸਭਿਆਚਾਰਕ ਪ੍ਰੋਗ੍ਰਾਮ ਵੀ ਕੀਤੇ । ਡਾ : ਸਰਬਜੀਤ ਕੌਰ ਸੋਹਲ ਜੀ ਨੇ 7 ਕਾਵਿ ਪੁਸਤਕਾਂ , 3 ਅਲੋਚਨਾ ਪੁਸਤਕਾਂ , 5 ਸੰਪਾਦਿਤ ਪੁਸਤਕਾਂ , 11 ਅਨੁਵਾਦ ਪੁਸਤਕਾਂ ਤੇ 1 ਕਹਾਣੀਆਂ ਦੀ ਕਿਤਾਬ ਉਹਨਾਂ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ । ਹੁਣ ਤੱਕ ਕਈ ਤਰਾਂ ਦੇ ਮਾਨਾਂ ਸਨਮਾਨਾਂ ਨਾਲ ਉਹਨਾਂ ਨੂੰ ਨਿਵਾਜਿਆ ਵੀ ਗਿਆ ਹੋਇਆ ਹੈ । ਕੋਰੋਨਾ ਕਾਲ ਵਿੱਚ ਆਨ ਲਾਈਨ ਸਾਹਿਤਕ ਸਮਾਗਮ ਲਗਾਤਾਰ ਕਰਦੇ ਰਹੇ । ਡਾ। ਸਰਬਜੀਤ ਕੌਰ ਸੋਹਲ ਜੀ ਦਾ ਨਾਮ " ਦੁਨੀਆ ਦੇ 101 ਸਿਰਮੌਰ ਪੰਜਾਬੀ " ਸੂਚੀ ਵਿਚ ਦਰਜ ਹੈ । ਡਾ। ਸਰਬਜੀਤ ਕੌਰ ਸੋਹਲ ਪੰਜਾਬ, ਭਾਰਤ ਦੀ ਉਹ ਪਹਿਲੀ ਔਰਤ ਹੈ ਜਿਸ ਨੇ ਆਪਣੇ ਬਲ ਬੂਤੇ ਤੇ ਵਰਲਡ ਪੰਜਾਬੀ ਕਾਨਫਰੰਸ ਕਰਵਾਈ । ਜਗਤ ਪੰਜਾਬੀ ਫੋਰਮ ਵੱਲੋਂ ਡਾ। ਸਰਬਜੀਤ ਕੌਰ ਸੋਹਲ ਨੂੰ ਦੁਨੀਆਂ ਦੇ 52 ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵਿੱਚ ਦਰਜ ਕੀਤਾ ਗਿਆ ਸੀ ਤੇ ਐੱਚ। ਐੱਮ। ਵੀ। ਕਾਲਜ ਜਲੰਧਰ ਵਿਖੇ ਸਨਮਾਨਤ ਕੀਤਾ ਗਿਆ ਸੀ। ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਡਾ: ਸਰਬਜੀਤ ਕੌਰ ਸੋਹਲ ਕੋਲੋਂ ਵੱਡੀਆਂ ਉਮੀਦਾਂ ਹਨ। ਐਫ ਸੀ ਕੈਨੇਡਾ ਵੱਲੋਂ ਡਾ। ਸਰਬਜੀਤ ਕੌਰ ਸੋਹਲ ਜੀ ਨੂੰ ਬਹੁਤ ਬਹੁਤ ਮੁਬਾਰਕਾਂ। ਐਫ ਸੀ ਦੀ ਵੂਮੈਨ ਵਿੰਗ ਦੀ ਸਰਪ੍ਰਸਤ ਤੇ ਮੀਡੀਆ ਡਾਇਰੈਕਟਰ ਰਮਿੰਦਰ ਕੌਰ ਵਾਲੀਆ ਜੀ ਨੇ ਵੀ ਉਹਨਾਂ ਨੂੰ ਦਿਲ ਦੀਆਂ ਗਹਿਰਾਈਆਂ ਵਿੱਚੋਂ ਢੇਰ ਸਾਰੀਆਂ ਮੁਬਾਰਕਾਂ ਤੇ ਸ਼ੁੱਭ ਇੱਛਾਵਾਂ ਦਿੱਤੀਆਂ ਹਨ ਤੇ ਉਹਨਾਂ ਇਹ ਵੀ ਕਿਹਾ ਹੈ ਕਿ ਉਹ ਹਮੇਸ਼ਾਂ ਡਾ: ਸਰਬਜੀਤ ਕੌਰ ਜੀ ਦੇ ਨਾਲ ਹਨ, ਮੇਰੀਆਂ ਸੇਵਾਵਾਂ ਉਹਨਾਂ ਲਈ ਹਮੇਸ਼ਾਂ ਹਾਜ਼ਿਰ ਹਨ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਉਹਨਾਂ ਨੂੰ ਦਿਨ ਦੁਗੁਣੀ ਰਾਤ ਚੋਗੁਣੀ ਤਰੱਕੀਆਂ ਬਖ਼ਸ਼ਣ ਤੇ ਹਮੇਸ਼ਾਂ ਚੜ੍ਹਦੀਆਂ ਕਲਾ ਵਿੱਚ ਰਹਿਣ।






# ਸੁਪ੍ਰਸਿੱਧ ਲੇਖਕ ਹਰਦਿਆਲ ਸਿੰਘ ਚੀਮਾ ਦੀ ਸਾਹਿਤਕ ਪ੍ਰਾਪਤੀ ਲਈ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਮੁਬਾਰਕਾਂ

ਸਿਆਟਲ-ਸਿਆਟਲ (ਅਮਰੀਕਾ) ਵੱਸਦੇ ਪੰਜਾਬੀ ਦੇ ਉੱਘੇ ਸਾਹਿਤਕਾਰ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਮੁੱਖ ਸਲਾਹਕਾਰ ਸ੍ਰ: ਹਰਦਿਆਲ ਸਿੰਘ ਚੀਮਾ ਨੇ ਹੁਣ ਤੱਕ ਗੀਤਾਂ (ਮਾਵਾਂ ਧੀਆਂ ਜਦ ਬਹਿੰਦੀਆਂ,ਹੰਭਲਾ ਮਾਰ ਕਿਸਾਨਾਂ,ਭੰਗੜਾ ਪਾਉਣ ਪੰਜਾਬੀ,ਪੱਗ ਬੰਨ ਸੰਧੂਰੀ , ਰਬੜ ਦਾ ਬਾਵਾ,ਮਮਤਾ ਦੀ ਪਰਿਭਾਸ਼ਾ,ਵੱਡਿਆਂ ਦੇ ਵਿਆਹਵੀਂ ਨਾ,ਖੱਫ਼ਣ ਵੇਚ ਕੇ ਖਾ ਗਏ,ਨੈਣਾਂ ਦੇ ਵਣਜਾਰੇ,ਚੱਲ ਕੇ ਚੁਬਾਰੇ ਵਿੱਚ), ਕਵਿਤਾਵਾਂ (ਚੱਲੋ ਰੱਬ ਭਾਲੀਏ,ਮੱਸਾ ਰੰਗੜ ਬੋਲ ਪਿਆ, ਸੱਚ ਬੋਲਣ ਨੂੰ ਚਿੱਤ ਕਰਦਾ) , ਬਾਲ ਸਾਹਿਤ( ਬਾਲਾਂ ਵਿੱਚੋਂ ਰੱਬ ) ਅਤੇ ਸਿੱਖ ਗੁਰੂਆਂ ਬਾਰੇ ਕੁਲ ਡੇਢ ਦਰਜ਼ਨ ਕਿਤਾਬਾਂ ਮਾਂ ਬੋਲੀ ਪੰਜਾਬੀ ਦੇ ਨਾਂ ਕੀਤੀਆਂ ਹਨ ਉਹਨਾਂ ਦੇ ਲਿਖੇ ਗੀਤ ਬਹੁਤ ਉੱਚ ਦਰਜ਼ੇ ਦੇ ਹਨ। ਕਈ ਗੀਤਕਾਰਾਂ ਨੇ ਆਪਣੀ ਮਿੱਠੀ ਆਵਾਜ਼ ਵਿੱਚ ਰੀਕਾਰਡ ਕਰਵਾਏ ਤੇ ਉਹਨਾਂ ਦੀਆ ਕਈ ਐਲਬਮਾਂ ਵੀ ਬਣ ਚੁੱਕੀਆਂ ਹਨ। ਅਨੇਕਾਂ ਸਨਮਾਨਾਂ ਨਾਲ ਭਰੀ ਝੋਲੀ ਦੇ ਮਾਲਕ ਚੀਮਾ ਜੀ ਦੀ ਇਕ ਹੋਰ ਪ੍ਰਾਪਤੀ ਨਾਲ ਉਹਨਾਂ 'ਤੇ ਉਹਨਾਂ ਦੇ ਪਰਿਵਾਰ ਦਾ ਹੀ ਨਹੀਂ ਬਲਕਿ ਪੰਜਾਬੀ ਲਿਖਾਰੀ ਸਭਾ ਸਿਆਟਲ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ ਹੈ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਉਹਨਾਂ ਦੀ ਪਿੱਛੇ ਜਿਹੇ ਛਪੀ ਪੁਸਤਕ 'ਸਿੱਖ ਗੁਰੂਆਂ ਦੀਆਂ ਸੰਖੇਪ ਜੀਵਨੀਆਂ, ਪੰਜਾਬ ਸਕੂਲ ਸਿਖਿਆ ਬੋਰਡ ਚੰਡੀਗੜ ਵੱਲੋਂ ਆਪਣੇ ਸਾਰੇ ਸਕੂਲਾਂ ਦੀਆਂ ਲਾਇਬਰੇਰੀਆਂ ਵਿਚ ਰੱਖਣ ਲਈ ਪ੍ਰਵਾਨਗੀ ਦਿੱਤੀ ਗਈ ਹੈ। ਕਿਸੇ ਲੇਖਕ ਲਈ ਇਹ ਬਹੁਤ ਹੀ ਸਨਮਾਨ ਵਾਲੀ ਗੱਲ ਹੈ। ਪਿਛਲੇ ਸਾਲ ਜਦ ਚੀਮਾ ਜੀ ਭਾਰਤ ਯਾਤਰਾ ਤੇ ਗਏ ਸਨ ਤਾਂ ਉਹਨਾਂ ਨੇ ਸਰਕਾਰੀ ਮਿਡਲ ਸਕੂਲ ਕੋਕਰੀ ਵਹਿਣੀਵਾਲ ਮੋਗਾ ਵਿਖੇ ਇਕ ਸਾਹਿਤਕ ਅਤੇ ਸੱਭਿਆਚਾਰਕ ਸਮਾਗਮ ਵਿੱਚ ਇਲਾਕੇ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਰੂ-ਬ-ਰੂ ਹੁੰਦਿਆਂ, 'ਸਿੱਖ ਗੁਰੂਆਂ ਦੀ ਸੰਖੇਪ ਜੀਵਨੀ ਪੁਸਤਕ ਦੇ ਰਾਹੀਂ ਸੰਵਾਦ ਵੀ ਰਚਾਇਆ ਸੀ ਅਤੇ ਉਥੇ ਬੱਚਿਆਂ ਲਈ ਲਿਖੀ ਪੁਸਤਕ 'ਬਾਲਾਂ ਵਿੱਚੋਂ ਰੱਬ ਦੀ ਜਾਣ ਪਛਾਣ ਵੀ ਕਰਵਾਈ ਸੀ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਅਹੁਦੇਦਾਰਾਂ ਅਤੇ ਮੈਂਬਰਾਂ, ਡਾ: ਜੇ. ਬੀ. ਸਿੰਘ ਪ੍ਰਧਾਨ,ਹਰਪਾਲ ਸਿੰਘ ਸਿਧੂ,ਅਵਤਾਰ ਸਿੰਘ ਆਦਮਪੁਰੀ,ਮਨਜੀਤ ਕੌਰ ਗਿੱਲ,ਬਲਿਹਾਰ ਸਿੰਘ ਲੇਹਲ ਸਕੱਤਰ,ਸਾਧੂ ਸਿੰਘ ਝੱਜ,ਪ੍ਰਿਤਪਾਲ ਸਿੰਘ ਟਿਵਾਣਾ,ਲਾਲੀ ਸੰਧੂ,ਸ਼ਿੰਗਾਰ ਸਿੰਘ ਸਿਧੂ, ਮੰਗਤ ਕੁਲਜਿੰਦ,ਹਰਸ਼ਿੰਦਰ ਸਿੰਘ ਸੰਧੂ, ਸਵਰਾਜ ਕੌਰ,ਜਗੀਰ ਸਿੰਘ ਆਦਿ ਨੇ ਉਹਨਾਂ ਨਾਲ ਖੁਸ਼ੀ ਸਾਂਝੀ ਕਰਦਿਆਂ ਉਹਨਾਂ ਨੂੰ ਮੁਬਾਰਕਾਂ ਦਿੱਤੀਆਂ, ਉਹਨਾਂ ਦੀ ਲਿਖਣ ਕਲਾ ਦੇ ਵੱਖ ਵੱਖ ਪਹਿਲੂਆਂ ਦੀ ਚਰਚਾ ਕੀਤੀ। ਉਮੀਦ ਜ਼ਾਹਰ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀਆਂ ਦੂਸਰੀਆਂ ਕਿਤਾਬਾਂ ਵੀ ਬੱਚਿਆਂ ਲਈ ਅਤੇ ਸਾਡੇ ਸਮਾਜ ਲਈ ਰਾਹ-ਦੁਸੇਰਾ ਦੇ ਰੂਪ ਵਿੱਚ ਸਹਾਇਤਾ ਕਰਦੀਆਂ ਰਹਿਣਗੀਆਂ ਅਤੇ ਸਰਕਾਰੀ ਵਿਦਿਅਕ ਮਹਿਕਮੇ ਅਤੇ ਭਾਸ਼ਾ ਵਿਭਾਗ ਪੰਜਾਬ ਵਰਗੇ ਅਦਾਰੇ ਚੀਮਾ ਸਾਹਿਬ ਦੀਆਂ ਕਿਤਾਬਾਂ ਦੀ ਮਹਾਨਤਾ ਨੂੰ ਪਛਾਨਣ ਗਏ ਅਤੇ ਉਹ ਵੀ ਇਹਨਾਂ ਨੂੰ ਆਪਣੀਆਂ ਲਾਇਬ੍ਰੇਰੀਆਂ ਵਿੱਚ ਯੋਗ ਸਥਾਨ ਦੇਣਗੇ।





## ਯਾਦਾਂ ਦੇ ਝਰੋਖੇ 'ਚੋਂ...

# ਪੰਜਾਬੀ ਫ਼ਿਲਮਾਂ ਦਾ ਸੁਪਰ ਸਟਾਰ ਸਤੀਸ਼ ਕੌਲ

ਮਨਦੀਪ ਸਿੰਘ ਸਿੱਧੂ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਰਮਨ ਇੰਟਰਪ੍ਰਾਈਸਜ਼, ਬੰਬੇ ਦੀ ਸੁਰਿੰਦਰ ਕਪਿਲ ਨਿਰਦੇਸ਼ਿਤ ਫ਼ਿਲਮ 'ਜੋਸ਼ ਜਵਾਨੀ ਦਾ' (1981) 'ਚ ਸਤੀਸ਼ ਨੇ 'ਕਰਨੈਲ' ਦਾ ਪਾਰਟ ਤੇ ਅਦਾਕਾਰਾ ਪਾਇਲ 'ਰੀਮਾ' ਦਾ ਰੋਲ ਕਰ ਰਹੀ ਸੀ। ਅਮਰ ਸ਼ਕਤੀ ਪ੍ਰੋਡਕਸ਼ਨਜ਼, ਬੰਬੇ ਦੀ ਸੁਭਾਸ਼ ਚੰਦਰ ਭਾਖੜੀ ਨਿਰਦੇਸ਼ਿਤ ਫ਼ਿਲਮ 'ਅੰਗਰੇਜਣ' (1982) 'ਚ ਉਸ ਨੇ 'ਰਾਜੂ' ਦਾ ਜਦੋਂਕਿ ਭਾਵਨਾ 'ਅੰਗਰੇਜਣ' ਦਾ ਟਾਈਟਲ ਰੋਲ ਕਰ ਰਹੀ ਸੀ। ਕਲਾਦੀਪ ਮੂਵੀਜ਼, ਨਵੀਂ ਦਿੱਲੀ ਦੀ ਪਵਨ ਦੇਵ ਨਿਰਦੇਸ਼ਿਤ ਫ਼ਿਲਮ 'ਵੇਹੜਾ ਲੰਬੜਾਂ ਦਾ' (1982) 'ਚ ਉਸ ਨੇ ਬੀ. ਕੇ. ਸੂਦ ਦੇ ਪੁੱਤਰ 'ਬ੍ਰਹਮ' ਦਾ ਪਾਰਟ ਅਦਾ ਕੀਤਾ ਤੇ ਹੀਰੋਇਨ ਸੀ ਪਦਮਿਨੀ ਕਪਿਲਾ। ਡੀ. ਐੱਮ. ਇੰਟਰਪ੍ਰਾਈਸਜ਼, ਬੰਬੇ ਦੀ ਫ਼ਿਲਮ 'ਬੱਗਾ ਡਾਕੂ' (1983) 'ਚ ਇਕ ਵਾਰ ਫਿਰ ਸਤੀਸ਼ (ਅਮਰ) ਤੇ ਭਾਵਨਾ ਭੱਟ (ਬਸੰਤੀ) ਦੀ ਜੋੜੀ ਸੀ। ਜੋੜਾ ਫ਼ਿਲਮਜ਼, ਬੰਬੇ ਦੀ ਚੰਦੂ ਨਿਰਦੇਸ਼ਿਤ ਫ਼ਿਲਮ 'ਭੁਲੇਖਾ' (1983) 'ਚ ਸਤੀਸ਼ ਕੌਲ ਨੇ 'ਦੀਪਕ' ਅਤੇ ਭਾਵਨਾ ਭੱਟ 'ਜੋਤੀ' ਦਾ ਪਾਰਟ ਅਦਾ ਕਰ ਰਹੀ ਸੀ। ਸੁਰਿੰਦਰ ਕੋਹਲੀ ਦੇ ਸੰਗੀਤ 'ਚ ਸਤੀਸ਼ 'ਤੇ ਫ਼ਿਲਮਾਇਆ ਗੀਤ 'ਇਸ਼ਕੇ ਦੀ ਛਾਈ ਬਹਾਰ ਚੰਨਾ ਲੁੱਟ ਲੈ ਬਹਾਰ' (ਦਿਲਰਾਜ ਕੌਰ, ਸ਼ਲਿੰਦਰ ਸਿੰਘ) ਬੜਾ ਹਿੱਟ ਹੋਇਆ ਸੀ। ਜਗਦਾਤੀ ਫ਼ਿਲਮਜ਼, ਬੰਬੇ ਦੀ ਸਤੀਸ਼ ਭਾਖੜੀ ਨਿਰਦੇਸ਼ਿਤ ਧਾਰਮਿਕ ਫ਼ਿਲਮ 'ਜੈ ਮਾਤਾ ਚਿੰਤਪੁਰਨੀ' (1983) 'ਚ ਸਤੀਸ਼ ਕੌਲ ਤੇ ਅਰਪਣਾ ਚੌਧਰੀ ਦੀ ਜੋੜੀ ਸੀ। ਐੱਸ. ਐੱਲ. ਪਾਹਲ ਦੇ ਫ਼ਿਲਮਸਾਜ਼ ਅਦਾਰੇ ਪਾਹਲ ਬ੍ਰਦਰਜ਼ ਪ੍ਰੋਡਕਸ਼ਨਜ਼, ਬੰਬੇ ਦੀ ਕੰਵਲ ਬਿਆਲਾ ਨਿਰਦੇਸ਼ਿਤ ਫ਼ਿਲਮ 'ਰੂਪ ਸ਼ਕੀਨਣ ਦਾ' (1983) ਵਿਚ ਸਤੀਸ਼ ਕੌਲ ਨੇ 'ਜੀਤਾ' ਦਾ ਰੋਲ ਕੀਤਾ। ਚਰਨਜੀਤ ਅਹੂਜਾ ਦੇ ਸੰਗੀਤ 'ਚ ਸਤੀਸ਼ ਤੇ ਦਲਜੀਤ ਕੌਰ 'ਤੇ ਫ਼ਿਲਮਾਇਆ 'ਅੱਗੇ-ਪਿੱਛੇ ਸੋਹਣਿਆ ਤੂੰ ਰਹੇ ਘੁੰਮਦਾ' (ਦਿਲਰਾਜ ਕੌਰ, ਮਹਿੰਦਰ ਕਪੂਰ) ਗੀਤ ਵੀ ਖ਼ੂਬ ਚੱਲਿਆ। ਪਰ ਜਿਸ ਫ਼ਿਲਮ ਕਰਕੇ ਸਤੀਸ਼ ਕੌਲ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਹ ਸੀ ਦਸਮੇਸ਼ ਆਰਟ ਪ੍ਰੋਡਕਸ਼ਨਜ਼, ਲੁਧਿਆਣਾ ਦੀ ਸਤੀਸ਼ ਭਾਖੜੀ ਨਿਰਦੇਸ਼ਿਤ ਫ਼ਿਲਮ 'ਸੱਸੀ ਪੁਨੂੰ' (1983)। ਫ਼ਿਲਮ ਦਾ ਸੰਗੀਤ ਰਵੀ ਅਤੇ ਗੀਤ ਕਮਰ ਜਲਾਲਾਬਾਦੀ ਨੇ ਤਹਿਰੀਰ ਕੀਤੇ ਸਨ। ਸਤੀਸ਼ ਕੌਲ (ਪੁਨੂੰ) ਤੇ ਭਾਵਨਾ ਭੱਟ (ਸੱਸੀ) 'ਤੇ ਫ਼ਿਲਮਾਏ ਫ਼ਿਲਮ ਦੇ ਮਸ਼ਹੂਰ ਜ਼ਮਾਨਾ ਗੀਤ 'ਦੱਸ ਮੇਰਿਆ ਦਿਲਬਰਾ ਵੇ ਤੂੰ ਕਿਹੜੇ ਅਰਸ਼ ਦਾ ਤਾਰਾ' (ਆਸ਼ਾ ਭੌਂਸਲੇ, ਮੁਹੰਮਦ ਰਫ਼ੀ), 'ਮੇਰਾ ਕੱਲਾ-ਕੱਲਾ ਪਿਆਰ ਅੱਜ ਕਰਦਾ ਪੁਕਾਰ' (ਮਹਿੰਦਰ ਕਪੂਰ, ਊਸ਼ਾ ਮੰਗੇਸ਼ਕਰ) ਤੇ 'ਲੱਗੀ ਵਾਲੇ ਤੇ ਕਦੀ ਨਈਓ ਸੌਂਦੇ ਨੀਂ ਤੇਰੀ ਕਿਵੇਂ ਅੱਖ ਲੱਗ ਗਈ' (ਮਹਿੰਦਰ ਕਪੂਰ) ਆਦਿ ਰੇਡੀਓ ਉੱਤੇ ਵੱਜਦੇ ਗੀਤਾਂ ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ। 29 ਅਗਸਤ 1986 ਨੂੰ ਚੰਦਾ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਇਹ ਕਾਮਯਾਬ ਫ਼ਿਲਮ ਸੀ। ਇਸ ਤੋਂ ਬਾਅਦ ਸਤੀਸ਼ ਕੌਲ ਦੀ ਅਦਾਕਾਰੀ ਵਾਲੀਆਂ ਫ਼ਿਲ੍ਮਾਂ 'ਚੋਂ 'ਵਹੁਟੀ ਹੱਥ ਸੋਟੀ'/ਅਰਪਣਾ ਚੌਧਰੀ ਨਾਲ (1983), 'ਇਸ਼ਕ ਨਿਮਾਣਾ'/ਦਲਜੀਤ ਕੌਰ ਨਾਲ, 'ਮਾਵਾਂ ਠੰਢੀਆਂ ਛਾਵਾਂ'/ਸੁਰਿੰਦਰ ਕੌਰ ਨਾਲ, 'ਵੀਰਾ'/ਰਮਾ ਵਿੱਜ ਨਾਲ (1984), 'ਬਾਬੁਲ ਦਾ ਵਿਹੜਾ'/ ਭਾਵਨਾ ਭੱਟ ਨਾਲ, 'ਗੁੱਡੋ', 'ਜੀਜਾ ਸਾਲੀ'/ਭਾਵਨਾ ਭੱਟ ਨਾਲ, 'ਕੁਆਰਾ ਜੀਜਾ'/ਭਾਵਨਾ



ਨਾਲ (1985), 'ਮੁੰਡਾ ਨਰਮ ਤੇ ਕੁੜੀ ਗਰਮ'/ਰਣਜੀਤਾ ਕੌਰ, 'ਪੀਂਘਾਂ ਪਿਆਰ ਦੀਆਂ', 'ਯਾਰ ਗ਼ਰੀਬਾਂ ਦਾ' (1986), 'ਪਟੋਲਾ', 'ਯਾਰੀ ਉਮਰਾਂ ਦੀ'/ਸੁਨੈਣਾ (1987), 'ਅੱਜ ਦੀ ਹੀਰ'/ਟੀਨਾ ਘਈ, 'ਧੀ ਰਾਣੀ'/ਰਮਾ ਵਿੱਜ ਨਾਲ, 'ਜੱਗ ਵਾਲਾ ਮੇਲਾ', 'ਮੌਲਾ ਜੱਟ', 'ਸੁਹਾਗ ਚੂੜਾ'/ਪ੍ਰੀਤੀ ਸਪਰੂ (1988), 'ਕੁਰਬਾਨੀ ਜੱਟ ਦੀ', 'ਸ਼ੇਰਾਂ ਦੇ ਪੁੱਤ ਸ਼ੇਰ', 'ਸਹੁੰ ਮੈਨੂੰ ਪੰਜਾਬ ਦੀ'/ਰਮਾ ਵਿੱਜ ਨਾਲ (1990), 'ਜੱਟ ਦਾ ਗੰਡਾਸਾ', 'ਯਾਰ ਯਾਰਾਂ ਦੇ'/ਭਾਵਨਾ ਨਾਲ (1991) ਦੇ ਨਾਮ ਕਾਬਿਲ-ਏ-ਜ਼ਿਕਰ ਹਨ। ਇਨ੍ਹਾਂ ਫ਼ਿਲਮਾਂ 'ਚੋਂ ਫਰੈਂਡਜ਼ ਮੂਵੀਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਫ਼ਿਲਮ 'ਪਟੋਲਾ' (1987) ਸਤੀਸ਼ ਕੌਲ ਦੀ ਅਦਾਕਾਰੀ ਵਾਲੀ ਸੁਪਰਹਿੱਟ ਫ਼ਿਲਮ ਸੀ, ਜਿਸ ਵਿਚ ਦੂਜੇ ਅਦਾਕਾਰ ਵਜੋਂ ਵਰਿੰਦਰ ਵੀ ਮੌਜੂਦ ਸੀ। ਮੁਹੰਮਦ ਸਦੀਕ ਦੇ ਸੰਗੀਤ ਵਿਚ ਇਸ ਫ਼ਿਲਮ 'ਚ ਸਤੀਸ਼ ਕੌਲ 'ਤੇ ਗੌਰੀ ਖੁਰਾਨਾ (ਨਵਾਂ ਚਿਹਰਾ) 'ਤੇ ਫ਼ਿਲਮਾਏ 'ਸੋਹਣੀਏ ਨੀਂ ਸੁਣ ਬੱਲੀਏ ਮਾਰ ਕੇ ਉਡਾਰੀ ਕਿਤੇ ਉੱਡ ਚੱਲੀਏ' (ਮੁਹੰਮਦ ਅਜ਼ੀਜ਼, ਰਣਜੀਤ ਕੌਰ) ਤੇ 'ਕੋਈ ਦਰਦੀ ਦਿੱਸਦਾ ਨਾ ਕੀਹਨੂੰ ਦਿਲ ਦਾ ਹਾਲ ਸੁਣਾਵਾਂ' (ਮੁਹੰਮਦ ਸਦੀਕ) ਗੀਤ ਘਰ-ਘਰ ਗੂੰਜੇ ਸਨ। 1990ਵਿਆਂ ਵਿਚ ਗੁੱਗੂ ਗਿੱਲ ਅਤੇ ਯੋਗਰਾਜ ਵਰਗੇ ਐਕਸ਼ਨ ਫ਼ਨਕਾਰਾਂ ਦੀ ਆਮਦ ਨਾਲ ਸਤੀਸ਼ ਕੌਲ, ਵਰਿੰਦਰ, ਧੀਰਜ ਕੁਮਾਰ, ਸ਼ਸ਼ੀਪੁਰੀ ਵਰਗੇ ਰੁਮਾਨੀ ਅਦਾਕਾਰਾਂ ਦਾ ਯੁੱਗ ਸਮਾਪਤ ਹੋ ਗਿਆ ਸੀ। ਸਤੀਸ਼ ਕੌਲ ਦੀਆਂ ਆਪਣਾ ਚੜ੍ਹਤ ਵਾਲਾ ਦੌਰ ਹੰਢਾਉਣ ਤੋਂ ਬਾਅਦ ਚਰਿੱਤਰ ਅਦਾਕਾਰ ਵਜੋਂ ਆਈਆਂ ਕੁਝ ਪੰਜਾਬੀ ਫ਼ਿਲਮਾਂ 'ਯਾਰਾ ਓ ਦਿਲਦਾਰਾ' (2011), 'ਫੇਰ ਮਾਮਲਾ ਗੜਬੜ' (2013), 'ਪ੍ਰਾਊਡ ਟੂ ਬੀ ਏ ਸਿੱਖ' (2014), 'ਮਿਸ਼ਨ 2017 ਹੱਲਾ ਹੋ' (2017) ਅਤੇ ਆਖ਼ਰੀ ਰਿਲੀਜ਼ ਹੋਣ ਵਾਲੀ ਪੰਜਾਬੀ ਫ਼ਿਲਮ 'ਜੱਟੂ ਨਿਖੱਟੂ' (2021) ਹੈ। ਇਹ ਸਤੀਸ਼ ਦਾ ਉਹ ਗੁਰਬਤ ਭਰਿਆ ਦੌਰ ਸੀ ਜਦੋਂ ਨਾ ਉਸ ਕੋਲ ਸ਼ੁਹਰਤ ਸੀ, ਨਾ ਦੌਲਤ ਸੀ, ਇਕ ਹਾੜ੍ਹਾ ਸੀ ਆਪਣਾ ਵਕਤ ਗੁਜ਼ਾਰਾ ਕਰਨ ਲਈ ਪੰਜਾਬੀ ਫ਼ਿਲਮਾਂ ਵਿਚ ਕੰਮ ਕਰਨ ਦਾ, ਪਰ ਅਫ਼ਸੋਸ ਆਪਣੇ ਜ਼ਮਾਨੇ ਦਾ ਮਸ਼ਹੂਰ ਅਤੇ ਆਪਣੇ ਸਮਕਾਲੀ ਨਾਇਕਾਂ ਤੋਂ ਵੱਧ ਕੰਮ ਕਰਨ ਵਾਲਾ ਹੀਰੋ ਸਤੀਸ਼ ਕੌਲ ਚਾਹ ਕੇ ਵੀ ਉਨ੍ਹਾਂ ਜਿੰਨਾ ਨਾਮ ਤੇ ਪੈਸਾ ਕਮਾਉਣ ਵਿਚ ਕਾਮਯਾਬ ਨਾ ਹੋ ਸਕਿਆ। ਪੰਜਾਬੀ ਸਿਨਮਾ ਇਤਿਹਾਸ ਵਿਚ ਉਸ ਦਾ ਨਾਮ ਹਮੇਸ਼ਾਂ ਸੁਨਹਿਰੇ ਹਰਫ਼ਾਂ ਵਿਚ ਦਰਜ ਰਹੂਗਾ। ਪੰਜਾਬੀ ਫ਼ਿਲਮਾਂ ਨੂੰ ਦਿੱਤੀ ਅਹਿਮ ਖਿਦਮਤ ਸਦਕਾ ਸਤੀਸ਼ ਕੌਲ ਨੂੰ 2011 ਵਿਚ ਪੀਟੀਸੀ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਰਫ਼ਰਾਜ਼ ਕੀਤਾ ਗਿਆ। ਸਤੀਸ਼ ਕੌਲ ਨੇ ਕੁਝ ਪੰਜਾਬੀ ਵੀਡੀਓ ਫ਼ਿਲਮਾਂ ਵਿਚ ਕੰਮ ਕੀਤਾ। ਜੇ ਗੱਲ ਟੈਲੀਵਿਜ਼ਨ ਦੀ ਕਰੀਏ ਤਾਂ ਸਤੀਸ਼ ਕੌਲ ਦਾ 'ਮਹਾਂਭਾਰਤ' (1988-1990) 'ਚ 'ਇੰਦਰ' ਦਾ ਕਿਰਦਾਰ ਅੱਜ ਵੀ ਦਰਸ਼ਕ ਯਾਦ ਕਰਦੇ ਹਨ। ਇਸ ਤੋਂ ਇਲਾਵਾ ਦੂਰਦਰਸ਼ਨ ਦੇ ਲੜੀਵਾਰ 'ਕੜਵਾ ਸੱਚ' (1980), 'ਵਿਕਰਮ ਵੇਤਾਲ' (1985-1988), 'ਸਰਕਸ' (1989), 'ਸਾਤ ਸਿਤਾਰੇ' (1987), 'ਮਨੋਰੰਜਨ' (1987), 'ਸਾਹਿਲ' (1996), 'ਮਹਾਂਭਾਰਤ ਕਥਾ' (1997-1998) ਆਦਿ 'ਚ ਉਸ ਨੇ ਆਪਣੀ ਅਦਾਕਾਰੀ ਦੀ ਸੋਹਣੀ ਨੁਮਾਇਸ਼ ਕੀਤੀ। ਸਤੀਸ਼ ਕੌਲ ਦਾ ਵਿਆਹ ਪੰਜਾਬਣ ਮੁਟਿਆਰ ਨਿੰਮੀ ਸਿੰਘ ਨਾਲ ਹੋਇਆ ਜੋ ਦੱਖਣੀ ਅਫ਼ਰੀਕਾ ਦੇ ਸ਼ਹਿਰ ਡਰਬਨ ਦੀ ਰਹਿਣ ਵਾਲੀ ਸੀ। ਵਿਆਹ ਤੋਂ ਇਕ ਸਾਲ ਬਾਅਦ ਸਤੀਸ਼ ਕੌਲ ਦਾ ਤਲਾਕ ਹੋ ਗਿਆ। ਉਸ ਵੇਲੇ ਸਤੀਸ਼ ਕੌਲ ਪੰਜਾਬੀ ਫ਼ਿਲਮ 'ਬਾਬੁਲ ਦਾ ਵਿਹੜਾ' (1985) ਵਿਚ ਕੰਮ ਕਰ ਰਿਹਾ ਸੀ। ਹਿਦਾਇਤਕਾਰ ਸਤੀਸ਼ ਭਾਖੜੀ ਨੇ ਦੱਸਿਆ ਕਿ ਫ਼ਿਲਮ ਦੇ ਸੈੱਟ 'ਤੇ ਸਤੀਸ਼ ਦੀ ਆਪਣੀ ਘਰਵਾਲੀ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋਈ, ਤਾਂ ਉਹ ਉਸ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਕੇ ਡਰਬਨ ਚਲੀ ਗਈ। ਉੱਥੇ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ, ਜਿਸ ਦੀ ਪਰਵਰਿਸ਼ ਉਸ ਦੇ ਨਾਨੇ ਨੇ ਕੀਤੀ। ਉੱਥੇ ਉਸ ਨੇ ਦੂਜਾ ਵਿਆਹ ਕਰਵਾ ਕੇ ਇਸ ਨੂੰ ਸਦੀਵੀ ਤੌਰ 'ਤੇ ਭੁਲਾ ਦਿੱਤਾ। ਇਸ ਤੋਂ ਬਾਅਦ ਸਤੀਸ਼ ਦੇ ਪਿਤਾ ਦੀ ਕੈਂਸਰ ਨਾਲ ਮੌਤ ਹੋ ਗਈ ਅਤੇ ਫਿਰ ਥੋੜ੍ਹੇ ਚਿਰ ਪਿੱਛੋਂ ਮਾਂ ਵੀ ਚੱਲ ਵੱਸੀ।

ਇਸ ਤੋਂ ਬਾਅਦ ਉਹ ਪਰੇਸ਼ਾਨੀਆਂ ਦੇ ਆਲਮ 'ਚ ਅਜਿਹਾ ਘਿਰਿਆ ਕਿ ਅਖ਼ੀਰ ਤਕ ਲੋਟ ਨਾ ਆ ਸਕਿਆ। ਬੰਬੇ ਆਪਣਾ ਸਭ ਕੁਝ ਗਵਾਉਣ ਤੋਂ ਬਾਅਦ ਉਹ ਪੱਕੇ ਤੌਰ 'ਤੇ ਲੁਧਿਆਣਾ ਆ ਵੱਸਿਆ। ਇੱਥੇ ਉਸ ਨੇ ਐਕਟਿੰਗ ਸਕੂਲ ਖੋਲ੍ਹਿਆ, ਪਰ ਉੱਥੇ ਵੀ ਉਸ ਨੂੰ ਕਾਮਯਾਬੀ ਨਾ ਮਿਲੀ। ਫਿਰ ਬਿਮਾਰ ਹੋਇਆ ਤਾਂ ਲੁਧਿਆਣਾ ਦੀ ਇਕ ਬੀਬੀ ਸੱਤਯਾ ਦੇਵੀ ਨੇ ਪਨਾਹ ਦਿੱਤੀ ਤੇ ਅਖ਼ੀਰ ਤਕ ਉਸ ਨੇ ਆਪਣਾ ਇਨਸਾਨੀ ਫ਼ਰਜ਼ ਨਿਭਾਇਆ। ਬੇਸ਼ੱਕ ਗੁਰਬਤ ਦੇ ਦੌਰ 'ਚ ਪੰਜਾਬ 'ਚ ਉਸ ਦੇ ਪ੍ਰਸ਼ੰਸਕਾਂ, ਸਰਕਾਰ ਤੇ ਫ਼ਿਲਮ ਫ਼ਨਕਾਰਾਂ ਨੇ ਉਸ ਦੀ ਮਾਲੀ ਇਮਦਾਦ ਕੀਤੀ ਤੇ ਅਖ਼ੀਰ ਤਕ ਕਰਦੇ ਵੀ ਰਹੇ, ਪਰ ਕੋਈ ਵੀ ਉਸ ਨੂੰ ਰੁਹਾਨੀ ਸਕੂਨ ਨਾ ਦੇ ਸਕਿਆ ਜੋ ਉਸ ਨੂੰ ਚਾਹੀਦਾ ਸੀ। ਪੰਜਾਬੀ ਫ਼ਿਲਮ ਇਤਿਹਾਸ ਨੂੰ 50 ਦੇ ਕਰੀਬ ਪੰਜਾਬੀ ਫ਼ੀਚਰ ਫ਼ਿਲਮਾਂ ਅਤੇ ਹਿੰਦੀ ਸਿਨਮਾ ਨੂੰ 70 ਦੇ ਕਰੀਬ ਫ਼ਿਲਮਾਂ ਦੇਣ ਵਾਲਾ ਸਤੀਸ਼ ਕੌਲ ਆਖ਼ਰੀ ਵਕਤ ਤੰਗਦਸਤੀ ਅਤੇ ਫ਼ਿਲਮ ਸਨਅਤ ਵਿਚ ਆਪਣੇ ਬਣਦੇ ਸਨਮਾਨ ਨੂੰ ਸਹਿਕਦਾ ਹੋਇਆ 10 ਅਪਰੈਲ 2021 ਨੂੰ 73 ਸਾਲਾਂ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਿਆ। ਜ਼ਾਤੀ ਜ਼ਿੰਦਗੀ ਵਿਚ ਸਤੀਸ਼ ਕੌਲ ਬੜਾ ਨਫ਼ੀਸ ਤੇ ਮਿਲਾਪੜਾ ਇਨਸਾਨ ਸੀ। ਉਸ ਦਾ ਇਕੋ ਇਕ ਪੁੱਤਰ ਰਿਸ਼ਬ ਹੈ ਜੋ ਵਿਦੇਸ਼ ਰਹਿੰਦਾ ਹੈ।

**ਉਸ ਦੀ ਪਹਿਲੀ ਹਿੰਦੀ ਫ਼ਿਲਮ ਆਰਟ ਮੇਕਰਜ਼, ਬੰਬੇ ਦੀ ਵੇਦ ਰਾਹੀ ਨਿਰਦੇਸ਼ਿਤ 'ਪ੍ਰੇਮ ਪਰਬਤ' (1973) ਸੀ। ਇਸ ਫ਼ਿਲਮ ਵਿਚ ਸਤੀਸ਼ ਕੌਲ ਨਵੇਂ ਹੀਰੋ ਵਜੋ ਮੁਤਆਰਿਫ਼ ਹੋਏ, ਜਿਸ ਦੇ ਰੂਬਰ ਅਦਾਕਾਰਾ ਰੇਹਾਨਾ ਸੁਲਤਾਨਾ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੀ ਸੀ। ਪਰ ਇਹ ਫ਼ਿਲਮ ਕਾਫ਼ੀ ਤਲਾਸ਼ ਕਰਨ ਦੇ ਬਾਵਜੂਦ ਨਹੀਂ ਮਿਲੀ। ਇਸ ਤੋਂ ਬਾਅਦ ਉਸ ਨੇ 'ਅੰਗ ਸੇ ਅੰਗ ਲਗਾਨਾ' (1974) 'ਚ ਅਦਾਕਾਰਾ ਪ੍ਰੇਮਾ ਨਰਾਇਣ ਨਾਲ ਹੀਰੋ ਦਾ ਕਿਰਦਾਰ ਨਿਭਾਇਆ। ਹਿਦਾਇਤਕਾਰ ਸੁਭਾਸ਼ ਘਈ ਦੀ ਫ਼ਿਲਮ 'ਕਰਮਾ' (1986) ਵਿਚ ਉਸ ਨੇ ਨੂਤਨ ਤੇ ਦਲੀਪ ਕੁਮਾਰ ਦੇ ਪੁੱਤਰ 'ਸੁਨੀਲ ਪ੍ਰਤਾਪ ਸਿੰਘ' ਦਾ ਯਾਦਗਾਰੀ ਰੋਲ ਕੀਤਾ।**




# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street, Surrey, BC V3V 4W8**

**6303 Fraser Street, Vancouver BC**



Rajan MANGOES
exclusively available
at
fruiticana
SINCE 1994
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$12.98 BOX
*Number of pieces depends on the weight
Extra Super Super Special
Round or Roma Tomatoes
ਗੋਲ ਜਾਂ ਰੋਮਾ ਟਮਾਟਰ
88¢ lb
Extra Super Super Special
Indican Snacks (Assorted) 150 g
ਇੰਡੀਕੇਨ ਸਨੈਕਸ ਵੱਖ ਵੱਖ ਤਰਾਂ ਦੇ
99¢ pkg.
Super Special
Spinach
ਪਾਲਕ
2 bunches for $1.59
Super Special
Yellow Onions 50 lbs
ਪੀਲੇ ਗੰਢੇ
$10.98 bag
Super Special
Indian Eggplants
ਦੇਸੀ ਬਤਾਊਂ
98¢ lb
Super Special
Fresh Garlic
ਤਾਜਾ ਲਸਣ
99¢ lb
Super Special
Cilantro
ਧਨੀਆ
3 bunches for 99¢
Super Special
Pink Lady Apples
ਪੀਂਕ ਲੇਡੀ ਐਪਲ
98¢ lb
Green Bell Peppers
ਹਰੀ ਸ਼ਿਮਲਾ ਮਿਰਚਾਂ
99¢ lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
98¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb
Rapini (Sarson da Saag)
ਸਰਸੋਂ ਦਾ ਸਾਗ
$1.99 bunch
Red Onions 25 lbs
ਲਾਲ ਗੰਢੇ
$10.98 bag
Green Cabbage
ਹਰੀ ਬੰਦ ਗੋਭੀ
49¢ lb
Long Eggplants
ਲੰਬੇ ਬਤਾਊਂ
99¢ lb
Pesi Gur Plain
ਪੇਸ਼ੀ ਗੁੜ
$2.49 lb
Red Label Tea 216's
ਰੇਡ ਲੇਬਲ ਚਾਹ
$6.98 box
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
KTC Pomace Olive Oil 3L
ਕੇ.ਟੀ.ਸੀ ਜੈਤੂਨ ਪੋਮੇਸ ਦਾ ਤੇਲ
$9.98 ea.
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Almonds
ਬਦਾਮ
$3.98 lb
Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Product images may differ from the actual product.
Fri Apr 30, 2021 - Wed May 05, 2021
We reserve the right to limit the quantities while they last
fruiticana hee jaana!
NEW LOCATION OPENING SOON
Head Office: 7676 Anvil Way, Surrey
604-502-0005
www.fruiticana.com
BUSINESS HOURS
9AM-8PM
7 DAYS A WEEK
Newton ------------ 13783 72nd Ave. Surrey ---- 604-590-2080
Newton ------------ 13174 64th Ave. Surrey ----- 604-598-9220
Scott Road ------- 12047 80th Ave. Surrey ----- 604-591-5032
Scott Road ------ 104-7028 120th St. ------------ 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. --------------- 604-575-3750
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd.------------------ 604-244-9520